PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

02 ਜਨਵਰੀ ਤੋਂ 08 ਜਨਵਰੀ, 2025

Email :- editor@punjabstar.com, Vo. 20. Issue:1166


# ਦੱਖਣੀ ਕੋਰੀਆ ਦੇ ਜ਼ਹਾਜ਼ ਹਾਦਸੇ 'ਚ ਮਾਰੇ ਗਏ ਸਾਰੇ 179 ਲੋਕਾਂ ਦੀ ਹੋਈ ਪਛਾਣ



ਸਿਓਲ (ਪੰਜਾਬ ਸਟਾਰ ਬਿਊਰੋ): ਦੱਖਣੀ ਕੋਰੀਆ 'ਚ ਐਤਵਾਰ ਨੂੰ ਹੋਏ ਭਿਆਨਕ ਜਹਾਜ਼ ਹਾਦਸੇ 'ਚ ਮਾਰੇ ਗਏ ਸਾਰੇ 179 ਲੋਕਾਂ ਦੀ ਪਛਾਣ ਕਰ ਲਈ ਗਈ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਨਵੇਂ ਸਾਲ ਦੇ ਪਹਿਲੇ ਦਿਨ ਬੁੱਧਵਾਰ ਨੂੰ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰਾਂ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਆਪਣੇ ਪਿਆਰਿਆਂ ਨੂੰ ਸ਼ਰਧਾਂਜਲੀ ਦਿੱਤੀ।

ਦੱਖਣੀ ਕੋਰੀਆ ਦੇ ਮੁਆਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਐਤਵਾਰ ਨੂੰ ਹੋਏ ਬੋਇੰਗ 737-800 ਜੇਜੂ ਏਅਰ ਜਹਾਜ਼ 'ਚ ਸਵਾਰ 181 ਲੋਕਾਂ 'ਚੋਂ ਸਿਰਫ ਦੋ ਹੀ ਬਚੇ। ਹਾਦਸੇ ਦੀ ਵੀਡੀਓ 'ਚ ਦੇਖਿਆ ਜਾ ਰਿਹਾ ਹੈ ਕਿ * ਬਾਕੀ ਸਫਾ 2 'ਤੇ

## ਟਰੰਪ ਵੱਲੋਂ ਐੱਚ-1ਬੀ ਵੀਜ਼ਾ ਦੀ ਹਮਾਇਤ ਮਗਰੋਂ ਤਕਨੀਕੀ ਕੰਪਨੀਆਂ ਸਰਗਰਮ

### ਕਈ ਕੰਪਨੀਆਂ ਦੇ ਆਗੂਆਂ 'ਚ ਟਰੰਪ ਦੇ ਐਲਾਨ ਮਗਰੋਂ ਰੋਸ



ਕੈਲੀਫੋਰਨੀਆ (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਨਵੇਂ ਬਣਨ ਵਾਲੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਐੱਚ-1ਬੀ ਵੀਜ਼ਾ ਦੀ ਹਮਾਇਤ ਕੀਤੇ ਜਾਣ ਮਗਰੋਂ ਗੂਗਲ ਤੇ ਮੈਟਾ ਦੇ ਮੁਖੀਆਂ ਸਮੇਤ ਅਮਰੀਕਾ ਦੇ ਅਮੀਰ ਤੇ ਤਾਕਤਵਰ ਲੋਕਾਂ ਨੇ ਟਰੰਪ ਨਾਲ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ ਹੈ। ਇਹ ਜਾਣਕਾਰੀ ਸਥਾਨਕ ਮੀਡੀਆ ਰਿਪੋਰਟਾਂ 'ਚ ਦਿੱਤੀ ਗਈ ਹੈ। ਐਲਨ ਮਸਕ ਦੇ ਐੱਚ-1ਬੀ ਵੀਜ਼ਾ ਨੂੰ ਬਰਕਰਾਰ ਰੱਖਣ ਦੀ ਹਮਾਇਤ ਕੀਤੇ ਜਾਣ ਨੇ ਉਨ੍ਹਾਂ ਕੰਪਨੀਆਂ 'ਚ ਰੋਸ ਪੈਦਾ ਕੀਤਾ ਹੈ ਜੋ ਕਿਸੇ ਨਾ ਕਿਸੇ ਢੰਗ ਨਾਲ ਇਮੀਗਰੇਸ਼ਨ ਦੇ ਖ਼ਿਲਾਫ਼ ਹਨ। ਲਾਸ ਏਂਜਲਸ ਟਾਈਮਜ਼ ਦੇ ਹਵਾਲੇ ਨਾਲ * ਬਾਕੀ ਸਫਾ 2 'ਤੇ

# ਨਵੇਂ ਸਾਲ ਦੇ ਪਹਿਲੇ ਦਿਨ ਪਿਕਅੱਪ ਟਰੱਕ ਨੇ ਕਈ ਦਰੜੇ, 10 ਹਲਾਕ

* 30 ਜ਼ਖ਼ਮੀ; ਮੇਅਰ ਵੱਲੋਂ ਅੱਤਵਾਦੀ ਹਮਲਾ ਕਰਾਰ
* ਐੱਫ.ਬੀ.ਆਈ ਨੇ ਕੀਤਾ ਇਨਕਾਰ



ਪੰਜਾਬ ਸਟਾਰ ਬਿਊਰੋ

ਨਿਊ ਓਰਲੀਅਨਜ਼ : ਅਮਰੀਕਾ ਵਿੱਚ ਨਵੇਂ ਸਾਲ ਦੇ ਪਹਿਲੇ ਕੁਝ ਘੰਟਿਆਂ ਵਿੱਚ ਨਿਊ ਓਰਲੀਅਨਜ਼ ਵਿੱਚ ਕੈਨਾਲ ਤੇ ਬੌਰਬਨ ਸਟ੍ਰੀਟ ਨਾਮ ਦੀ ਸੜਕ 'ਤੇ ਅੱਜ ਇਕ ਪਿਕਅੱਪ ਟਰੱਕ ਦੇ ਭੀੜ ਵਿੱਚ ਵੜਨ ਨਾਲ 10 ਵਿਅਕਤੀਆਂ ਦੀ ਮੌਤ ਹੋ ਗਈ ਅਤੇ 30 ਹੋਰ ਜ਼ਖ਼ਮੀ ਹੋ ਗਏ। ਉੱਧਰ, ਨਿਊ ਓਰਲੀਅਨਜ਼ ਦੀ ਮੇਅਰ ਲਾਟੋਇਆ ਕੇਂਟਰੈਲ ਨੇ ਇਸ ਘਟਨਾ ਨੂੰ 'ਅਤਿਵਾਦੀ ਹਮਲਾ' ਕਰਾਰ ਦਿੱਤਾ ਹੈ। ਇਹ ਘਟਨਾ ਤੜਕੇ 3.15 ਵਜੇ ਬੌਰਬਨ ਸਟ੍ਰੀਟ ਨੇੜੇ ਵਾਪਰੀ ਜਿਸ ਨੂੰ ਕਿ ਨਵੇਂ ਸਾਲ ਦੀਆਂ ਪਾਰਟੀਆਂ ਲਈ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ। ਇਹ ਘਟਨਾ ਸ਼ਹਿਰ ਦੇ ਕੈਸਰ ਸੁਪਰਡੋਮ ਵਿੱਚ ਹੋ ਰਹੇ ਸ਼ੂਗਰ ਬਾਊਲ ਕਾਲਜ ਫੁਟਬਾਲ ਦੇ ਕੁਆਰਟਰ ਫਾਈਨਲ ਆਲਸਟੇਟ ਬਾਊਲ ਦੀ ਸ਼ੁਰੂਆਤ ਤੋਂ ਕੁਝ ਘੰਟੇ ਪਹਿਲਾਂ ਵਾਪਰੀ, ਜਿਸ ਵਿੱਚ ਹਜ਼ਾਰਾਂ ਲੋਕਾਂ ਦੀ ਹਾਜ਼ਰੀ ਦੀ ਆਸ ਸੀ।

## ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕਾਕਸ ਨੇ ਉਨ੍ਹਾਂ ਨੂੰ ਅਸਤੀਫ਼ਾ ਦੇਣ ਲਈ ਕਿਹਾ

### ਲਿਬਰਲ ਚਾਹੁੰਦੇ ਹਨ ਕਿ ਪ੍ਰਧਾਨ ਮੰਤਰੀ ਛੁੱਟੀਆਂ ਤੋਂ ਵਾਪਸ ਆਉਂਦੇ ਹੀ ਆਪਣੀਆਂ ਯੋਜਨਾਵਾਂ ਦਾ ਖੁਲਾਸਾ ਕਰਨ



ਓਟਵਾ (ਬਲਜਿੰਦਰ ਸੇਖਾ): ਨਵੇਂ ਸਾਲ ਦੀਆਂ ਛੁੱਟੀਆਂ ਵਿੱਚ ਕੈਨੇਡਾ ਦੀ ਸਿਆਸਤ ਗਰਮਾਈ ਹੋਈ ਹੈ। ਉਨ੍ਹਾਂ ਦੀ ਕਾਕਸ ਵੱਲੋਂ ਬਹੁਮਤ ਦੇ ਨਾਲ ਟਰੂਡੋ ਨੂੰ ਅਸਤੀਫਾ ਦੇਣ ਲਈ ਮਨਾਇਆ ਜਾ ਰਿਹਾ ਹੈ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਛੁੱਟੀਆਂ 'ਤੇ ਹਨ, ਇਸ ਬਾਰੇ ਸੋਚ ਰਹੇ ਹਨ ਕਿ ਕੀ ਅਹੁਦੇ ਤੇ ਰਹਿਣਾ ਹੈ ਜਾਂ ਜਾਣਾ ਹੈ।

ਬੀਤੇ ਵਿੱਚ ਹੋਈਆਂ ਮੱਧਕਾਲੀ ਚੋਣਾਂ ਵਿੱਚ ਟਰੂਡੋ ਬਹੁਤ ਨਿਰਾਸ਼ ਹਨ ਅਤੇ ਆਪਣੀ ਪਾਰਟੀ ਦੇ ਅੰਦਰੋਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਕੀ ਉਹ ਕੈਨੇਡੀਅਨਾਂ ਨੂੰ ਇੱਕਜੁੱਟ ਕਰਨ ਲਈ ਸਹੀ ਆਗੂ ਹਨ। ਉਸ ਦਾ ਇਹ ਫੈਸਲਾ ਉਦੋਂ ਆਇਆ ਹੈ ਜਦੋਂ ਕੈਨੇਡਾ ਟੈਰਿਫ ਯੁੱਧ ਲਈ ਤਿਆਰ ਹੈ ਜਦੋਂ ਡੋਨਾਲਡ ਟਰੰਪ ਤਿੰਨ ਹਫ਼ਤਿਆਂ ਵਿੱਚ ਵ੍ਹਾਈਟ ਹਾਊਸ ਵਾਪਸ ਪਰਤਣਗੇ।

ਕੈਨੇਡੀਅਨ ਲੋਕ ਛੇਤੀ 2025 ਵਿੱਚ ਚੋਣਾਂ ਵਿੱਚ ਹਿੱਸਾ ਲੈਣਗੇ, ਇਸ ਫੈਡਰਲ * ਬਾਕੀ ਸਫਾ 2 'ਤੇ

## ਕੈਨੇਡਾ 'ਚ 80 ਲੱਖ ਡਾਲਰ ਮੁੱਲ ਦੇ ਨਸ਼ੀਲੇ ਪਦਾਰਥ ਬਰਾਮਦ

### ਅਮਰੀਕਾ ਦੇ ਬਾਰਡਰ 'ਤੇ ਟਰੱਕ ਡਰਾਈਵਰ ਕੋਲੋਂ 189 ਕਿਲੋ ਕੋਕੀਨ ਜ਼ਬਤ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਕੌਮਾਂਤਰੀ ਸਰਹੱਦ ਤੋਂ ਇਕ ਟਰੱਕ ਡਰਾਈਵਰ ਕੋਲੋਂ 20 ਲੱਖ ਡਾਲਰ ਮੁੱਲ ਦੀ 189 ਕਿਲੋ ਕੋਕੀਨ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ ਜਦਕਿ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਵੱਲੋਂ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕਰਦਿਆਂ 60 ਲੱਖ ਡਾਲਰ ਮੁੱਲ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। 2024 ਦੀ ਸਮਾਪਤੀ ਮੌਕੇ ਇਨ੍ਹਾਂ ਬਰਾਮਦਗੀਆਂ ਨੂੰ ਵੱਡੀ ਪ੍ਰਾਪਤ ਮੰਨਿਆ ਜਾ ਰਿਹਾ ਹੈ। ਐਲਬਰਟਾ ਦੇ ਕਾਊਟਸ ਲਾਂਘੇ ਰਾਹੀਂ ਅਮਰੀਕਾ ਤੋਂ ਕੈਨੇਡਾ ਦਾਖਲ ਹੋ ਰਹੇ ਇਕ ਕਮਰਸ਼ੀਅਲ ਟਰੱਕ ਦੀ ਮੁਢਲੀ ਚੈਕਿੰਗ ਦੌਰਾਨ ਸ਼ੱਕ ਹੋਣ 'ਤੇ ਸੀ.ਬੀ.ਐਸ.ਏ. ਦੇ ਅਫ਼ਸਰਾਂ ਵੱਲੋਂ ਡੂੰਘਾਈ ਨਾਲ ਤਲਾਸ਼ੀ ਲੈਣ ਦਾ ਫੈਸਲਾ ਕੀਤਾ ਗਿਆ।

ਟ੍ਰੇਲਰ ਦੀ ਤਲਾਸ਼ੀ ਦੌਰਾਨ ਕਈ ਸ਼ੱਕੀ ਪੈਕਟ ਬਰਾਮਦ ਕੀਤੇ ਗਏ ਜਿਨ੍ਹਾਂ ਦੀ ਲੈਬਾਰਟਰੀ ਵਿਚ ਪੜਤਾਲ ਦੌਰਾਨ ਕੋਕੀਨ ਹੋਣ ਬਾਰੇ ਤਸਦੀਕ ਹੋ ਗਈ। ਟਰੱਕ ਡਰਾਈਵਰ ਦੀ ਪਛਾਣ ਜਨਕਤ ਨਹੀਂ ਕੀਤੀ ਗਈ ਜਿਸ ਨੂੰ ਆਰ.ਸੀ.ਐਮ.ਪੀ. ਦੇ ਸਪੁਰਦ ਕਰ ਦਿਤਾ ਗਿਆ ਹੈ। ਦੱਖਣੀ ਐਲਬਰਟਾ ਅਤੇ ਦੱਖਣੀ ਸਸਕੈਚਵਨ ਮਾਮਲਿਆਂ ਬਾਰੇ ਸੀ.ਬੀ.ਐਸ.ਏ. ਦੇ ਡਾਇਰੈਕਟਰ ਬੈਨ ਟੋਮ ਨੇ ਕਿਹਾ ਕਿ ਉਨ੍ਹਾਂ ਦੇ ਅਫ਼ਸਰਾਂ ਨਸ਼ੀਲੇ ਪਦਾਰਥਾਂ ਨੂੰ ਕੈਨੇਡਾ ਵਿਚ ਦਾਖਲ ਹੋਣ ਤੋਂ ਰੋਕਣ ਲਈ ਵਚਨਬੱਧ ਹਨ ਅਤੇ ਅਪਰਾਧਕ ਗਿਰੋਹਾਂ ਦਾ ਲਗਾਤਾਰ * ਬਾਕੀ ਸਫਾ 2 'ਤੇ

## ਉਨਟਾਰੀਓ 'ਚ ਠੱਗ ਇਮੀਗ੍ਰੇਸ਼ਨ ਏਜੰਟਾਂ ਵਿਰੁੱਧ ਨਵੇਂ ਨਿਯਮ ਲਾਗੂ

### ਸੜਕ ਹਾਦਸਿਆਂ ਦੌਰਾਨ 5 ਹਜ਼ਾਰ ਡਾਲਰ ਦਾ ਨੁਕਸਾਨ ਹੋਣ 'ਤੇ ਪੁਲਿਸ ਰਿਪੋਰਟ ਲਾਜ਼ਮੀ




ਟੋਰਾਂਟੋ (ਪੰਜਾਬ ਸਟਾਰ ਬਿਊਰੋ): ਉਨਟਾਰੀਓ ਵਿਚ ਨਵਾਂ ਵਰ੍ਹਾ ਚੜ੍ਹਦਿਆਂ ਹੀ ਇੰਮੀਗ੍ਰੇਸ਼ਨ ਅਤੇ ਟ੍ਰੈਫਿਕ ਰੂਲਜ਼ ਸਣੇ ਕਈ ਨਵੇਂ ਕਾਨੂੰਨ ਲਾਗੂ ਹੋ ਗਏ। ਨਵੇਂ ਇੰਮੀਗ੍ਰੇਸ਼ਨ ਐਕਟ ਅਧੀਨ ਠੱਗ ਸਲਾਹਕਾਰਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਜੋ ਨਵੇਂ ਆਏ ਪ੍ਰਵਾਸੀਆਂ ਦੀ ਵੱਡੇ ਪੱਧਰ 'ਤੇ ਲੁੱਟ ਕਰਦੇ ਹਨ। ਇਸ ਦੇ ਨਾਲ ਹੀ ਸੜਕ ਹਾਦਸਿਆਂ ਦੌਰਾਨ 5 ਹਜ਼ਾਰ ਡਾਲਰ ਦਾ ਨੁਕਸਾਨ ਹੋਣ 'ਤੇ ਹੀ ਪੁਲਿਸ ਨੂੰ ਰਿਪੋਰਟ ਕਰਨਾ ਲਾਜ਼ਮੀ ਹੋਵੇਗਾ ਜਦਕਿ ਪਹਿਲਾਂ 2 ਹਜ਼ਾਰ ਡਾਲਰ ਦੇ ਨੁਕਸਾਨ ਦੀ ਹਦਬੰਦੀ ਚੱਲ ਰਹੀ ਸੀ। ਡਗ ਫੋਰਡ ਸਰਕਾਰ ਵੱਲੋਂ ਉਨ੍ਹਾਂ ਚਾਈਲਡ ਕੇਅਰ ਸੈਂਟਰਾਂ ਵਿਚ ਰੋਜ਼ਾਨਾ ਫੀਸ 22 ਡਾਲਰ ਤੱਕ ਸੀਮਤ ਕਰ ਦਿਤੀ ਗਈ ਹੈ ਜੋ ਫੈਡਰਲ ਸਰਕਾਰ ਦੇ 10 ਡਾਲਰ ਰੋਜ਼ਾਨਾ ਖਰਚੇ ਵਾਲੀ ਯੋਜਨਾ ਵਿਚ ਸ਼ਾਮਲ ਹਨ। ਚਾਈਲਡ ਕੇਅਰ ਦੀ ਫੀਸ 2020 ਦੀਆਂ ਦਰਾਂ ਦੇ ਮੁਕਾਬਲੇ 59 ਫ਼ੀ ਸਦੀ ਹੇਠਾਂ ਆਈ ਹੈ ਅਤੇ ਅਗਲੇ ਸਾਲ 19 ਡਾਲਰ ਰੋਜ਼ਾਨਾ ਤੱਕ ਜਾ ਸਕਦੀ ਹੈ।

ਹਾਈਵੇਅ ਟ੍ਰੈਫਿਕ ਐਕਟ ਦਾ ਜ਼ਿਕਰ ਕੀਤਾ ਜਾਵੇ ਤਾਂ ਸੂਬਾ ਸਰਕਾਰ ਦਾ ਕਹਿਣਾ ਹੈ ਕਿ ਡਰਾਈਵਰਾਂ, ਕਮਰਸ਼ੀਅਨ ਵ੍ਹੀਕਲ ਆਪ੍ਰੇਟਰਾਂ ਅਤੇ ਪੁਲਿਸ ਉਤੇ ਪੈਣ ਵਾਲੇ ਵਾਧੂ ਦਬਾਅ ਨੂੰ ਘਟਾਉਣ ਲਈ ਟੱਕਰ ਹੋਣ ਦੀ ਸੂਰਤ ਵਿਚ 5 ਹਜ਼ਾਰ ਡਾਲਰ ਤੋਂ ਵੱਧ ਨੁਕਸਾਨ ਬਾਰੇ ਹੀ ਪੁਲਿਸ ਨੂੰ ਇਤਲਾਹ ਦੇਣੀ ਹੋਵੇਗੀ। ਦੂਜੇ ਪਾਸੇ ਉਨਟਾਰੀਓ ਦੇ ਇੰਮੀਗ੍ਰੇਸ਼ਨ ਮੰਤਰੀ ਡੇਵਿਡ ਪਿਕਨੀ ਨੇ ਦੱਸਿਆ ਕਿ ਨਵਾਂ ਕਾਨੂੰਨ ਪ੍ਰੋਵਿਨਸ਼ੀਅਲ ਨੌਮਿਨੀ ਪ੍ਰੋਗਰਾਮ ਅਧੀਨ ਆਉਣ ਵਾਲੀਆਂ ਅਰਜ਼ੀਆਂ ਦੁਆਲੇ ਕੇਂਦਰਤ ਹੋਵੇਗਾ। ਨਵੇਂ ਕਾਨੂੰਨ ਵਿਚ ਕੋਤਾਹੀ * ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888-864-3131
www.MakeMeDebtFree.ca 416-502-3100



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2



Gill Tire Centre
ਟਰੱਕਾਂ ਦੇ ਟਾਇਰ ਵਾਜਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਕੈਨੇਡਾ ਦੀ ਵੈਸਟ ਜੈੱਟ ਏਅਰਲਾਈਨ 'ਚ ਕੈਪਟਨ ਬਣਿਆ ਪੰਜਾਬੀ ਨੌਜਵਾਨ ਹਸਨਦੀਪ ਸਿੰਘ ਖੁਰਲ



ਜਦੋਂ ਮੈਂ ਸਕੂਲ ਪੜ੍ਹਦਾ ਹੁੰਦਾ ਸੀ ਤਾਂ ਉਸ ਸਮੇਂ ਕਈ ਵਾਰ ਜਦੋਂ ਉਪਰ ਜਾ ਰਹੇ ਜਹਾਜ਼ ਵਲ ਦੇਖਣਾ ਤਾਂ ਮਨ ਵਿਚ ਖ਼ਿਆਲ ਆਉਣਾ, ਕਿ ਸੈਂਕੜੇ ਸਵਾਰੀਆਂ ਨਾਲ ਭਰੇ ਤੇ ਉੱਚੇ ਨੀਲੇ ਅਸਮਾਨ ਵਿਚ ਜਾ ਰਹੇ ਐਨੇ ਵੱਡੇ ਜਹਾਜ਼ ਨੂੰ ਕੌਣ ਤੇ ਕਿਵੇਂ ਚਲਾਉਂਦਾ ਹੋਵੇਗਾ। ਬਸ ਉਸ ਸਮੇਂ ਤੋਂ ਮੈਂ ਆਪਣੇ ਮਨ ਵਿਚ ਧਾਰ ਲਿਆ ਕਿ ਮੈਂ ਵੀ ਵੱਡਾ ਹੋ ਕੇ ਜਹਾਜ਼ ਚਲਾਊਂਗਾ ਅਤੇ ਪੰਜਾਬ ਦੀ ਧਰਤੀ ਉਤੇ ਪਾਇਲਟ ਬਣਨ ਦਾ ਲਿਆ ਸੁਪਨਾ ਕੈਨੇਡਾ ਆ ਕੇ ਪੂਰਾ ਹੋ ਗਿਆ। ਇਹ ਕਹਿਣਾ ਹੈ ਕੈਪਟਨ ਹਸਨਦੀਪ ਸਿੰਘ ਖੁਰਲ ਦਾ।

ਜਿਸ ਨੂੰ ਕੈਨੇਡਾ ਵਿਚ ਪਹਿਲਾਂ ਸਾਬਤ ਸੂਰਤ ਸਿੱਖ ਪਾਇਲਟ ਬਣਨ ਦਾ ਮਾਣ ਪ੍ਰਾਪਤ ਹੈ। ਐਬਟਸਫੋਰਡ ਦੀ ਯੂਨੀਵਰਸਿਟੀ ਆਫ਼ ਫਰੇਜ਼ਰ ਵੈਲੀ ਤੋਂ ਬੈਚਲਰ ਆਫ਼ ਬਿਜ਼ਨੈੱਸ ਐਡਮਿਨਿਸਟ੍ਰੇਸ਼ਨ ਐਵੀਏਸ਼ਨ ਦੀ ਪੜ੍ਹਾਈ ਕਰ ਕੇ ਹਸਨਦੀਪ ਸਿੰਘ ਨੇ ਪਾਇਲਟ ਦੀ ਨੌਕਰੀ ਕਰਨ ਵਿਚ ਦਿੱਕਤ ਆ ਸਕਦੀ ਹੈ ਕਿਉਂਕਿ ਏਅਰਲਾਈਨਾਂ ਦੀ ਸ਼ਰਤ ਮੁਤਾਬਕ ਆਕਸੀਜਨ ਮਾਸਕ ਲਾਉਣ ਕਾਰਨ ਸਿਰਫ਼ ਕਲੀਨਸ਼ੇਵ ਅਤੇ ਦਾੜ੍ਹੀ ਕੱਟਣ ਵਾਲੇ ਯੋਗ ਪਾਇਲਟਾਂ ਨੂੰ ਨੌਕਰੀ ਕਰਨ ਦੀ ਇਜ਼ਾਜਤ ਸੀ, ਕਿਉਂਕਿ ਆਕਸੀਜਨ ਮਾਸਕ ਉਨ੍ਹਾਂ ਦੇ ਹੀ ਫਿਟ ਲਗਦਾ ਸੀ ਪਰ ਹਸਨਦੀਪ ਸਿੰਘ ਨੇ ਹਿੰਮਤ ਨਹੀਂ ਹਾਰੀ ਤੇ ਆਪਣੀ ਕੋਸ਼ਿਸ਼ ਜਾਰੀ ਰੱਖੀ।

ਇਸ ਦੌਰਨ ਉਹ ਡੈਲਟਾ ਦੇ ਪੈਸੇਫਿਕ ਫਲਾਇੰਗ ਕਲੱਬ ਵਿਚ ਕਲਾਸ 2 ਫਲਾਈਟ ਇੰਸਟਰੱਕਟਰ ਲਗ ਗਿਆ ਫਿਰ 2019 ਵਿਚ ਵੈਨਕੂਵਰ ਦੀ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਖੇ ਕੀਤੀ ਇਕ ਖੋਜ ਉਪਰੰਤ ਦਸਿਆ ਗਿਆ ਲੰਮੀ ਦਾੜ੍ਹੀ ਵਾਲਾ ਪਾਇਲਟ ਵੀ ਆਕਸੀਜਨ ਮਾਸਕ ਲਾ ਸਕਦਾ ਹੈ।

ਕੋਰੋਨਾ ਮਹਾਂਮਾਰੀ ਉਪਰੰਤ ਨਵੰਬਰ 2022 ਵਿਚ ਹਸਨਦੀਪ ਸਿੰਘ ਵੈਸਟ ਜੈੱਟ ਏਨਕੋਰ ਏਅਰਲਾਈਨ ਵਿਚ ਪਾਇਲਟ ਬਣ ਗਿਆ ਤੇ ਉਸ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਏਅਰਲਾਈਨ ਵਲੋਂ ਉਸ ਨੂੰ ਕੈਪਟਨ ਬਣਾਇਆ ਗਿਆ ਹੈ। ਬਾਸਕਟਬਾਲ ਦਾ ਵਧੀਆ ਖਿਡਾਰੀ ਰਿਹਾ ਹਸਨਦੀਪ ਸਿੰਘ ਵਾਈ.ਐਮ.ਸੀ.ਏ. ਬਾਸਕਟਬਾਲ ਟੀਮ ਦਾ ਕੋਚ ਵੀ ਰਹਿ ਚੁਕਾ ਹੈ।

# ਦੋ ਟਰੱਕਾਂ ਅਤੇ ਬੱਸ ਦੀ ਟੱਕਰ ਕਾਰਨ 45 ਯਾਤਰੀ ਜ਼ਖਮੀ




ਜੈਪੁਰ : ਦਿੱਲੀ-ਮੁੰਬਈ ਐਕਸਪ੍ਰੈਸ ਵੇਅ 'ਤੇ ਇੱਕ ਨਿੱਜੀ ਬੱਸ ਦੀ ਦੋ ਟਰੱਕਾਂ ਨਾਲ ਟੱਕਰ ਹੋਣ ਕਾਰਨ ਕਰੀਬ 45 ਯਾਤਰੀ ਜ਼ਖਮੀ ਹੋ ਗਏ। ਨੰਗਲ-ਰਾਜਾਵਤਨ ਦੇ ਡੀਐੱਸਪੀ ਚਾਰੁਲ ਗੁਪਤਾ ਨੇ ਦੱਸਿਆ ਕਿ ਸ਼ਰਧਾਲੂਆਂ ਦੀ ਇੱਕ ਬੱਸ ਉਜੈਨ ਤੋਂ ਦਿੱਲੀ ਜਾ ਰਹੀ ਸੀ, ਜਦੋਂ ਸੰਘਣੀ ਧੁੰਦ ਕਾਰਨ ਇਹ ਹਾਦਸਾ ਵਾਪਰ ਗਿਆ। ਡੀਐਸਪੀ ਨੇ ਦੱਸਿਆ ਕਿ ਬੱਸ ਵਿੱਚ ਸਵਾਰ ਕਰੀਬ 45 ਯਾਤਰੀ ਜ਼ਖ਼ਮੀ ਹੋ ਗਏ ਅਤੇ 20 ਤੋਂ ਵੱਧ ਨੂੰ ਦੌਸਾ ਜ਼ਿਲ੍ਹਾ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆਅਤੇ ਚਾਰ ਨੂੰ ਜੈਪੁਰ ਰੈਫਰ ਕੀਤਾ ਗਿਆ ਹੈ ਅਤੇ ਕੁਝ ਜ਼ਖਮੀਆਂ ਨੂੰ ਇਲਾਜ ਲਈ ਨੋਇਡਾ ਅਤੇ ਦਿੱਲੀ ਲਈ ਭੇਜਿਆ ਹੈ। ਪੁਲੀਸ ਨੇ ਦੱਸਿਆ ਕਿ ਹਾਦਸੇ 'ਚ ਬੱਸ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨਾਲ ਨੁਕਸਾਨਿਆ ਗਿਆ। ਵੱਡੀ ਗਿਣਤੀ ਵਿੱਚ ਲੋਕ ਜ਼ਖ਼ਮੀ ਹੋਣ ਦੀ ਸੂਚਨਾ ਤੋਂ ਬਾਅਦ ਜ਼ਿਲ੍ਹਾ ਹਸਪਤਾਲ ਦੇ ਚੀਫ਼ ਮੈਡੀਕਲ ਅਫ਼ਸਰ ਵੱਲੋਂ ਵਾਧੂ ਡਾਕਟਰ ਅਤੇ ਸਟਾਫ਼ ਤਾਇਨਾਤ ਕੀਤਾ ਗਿਆ ਹੈ।

# 24 ਘੰਟਿਆਂ 'ਚ ਅਮਰੀਕਾ 'ਚ ਤੀਜਾ ਵੱਡਾ ਹਮਲਾ, ਹੁਣ ਨਿਊਯਾਰਕ ਦੇ ਕਲੱਬ 'ਚ ਅੰਨ੍ਹੇਵਾਹ ਗੋਲੀਬਾਰੀ




ਅਮਰੀਕਾ ਵਿੱਚ 24 ਘੰਟਿਆਂ ਵਿੱਚ ਤੀਜਾ ਵੱਡਾ ਹਮਲਾ ਹੋਇਆ ਹੈ। ਹੁਣ ਇੱਕ ਹਮਲਾਵਰ ਨੇ ਕੁਈਨਜ਼, ਨਿਊਯਾਰਕ ਵਿਚ ਇਕ ਨਾਈਟ ਕਲੱਬ ਵਿਚ ਅੰਨ੍ਹੇਵਾਹ ਗੋਲੀਬਾਰੀ ਕੀਤੀ, ਜਿਸ ਵਿੱਚ 11 ਲੋਕ ਜ਼ਖ਼ਮੀ ਹੋ ਗਏ। ਜਿਸ ਨਾਈਟ ਕਲੱਬ ਵਿਚ ਇਹ ਘਟਨਾ ਵਾਪਰੀ ਉਸ ਦਾ ਨਾਂ ਅਮਜ਼ੂਰਾ ਨਾਈਟ ਕਲੱਬ ਹੈ। ਗੋਲੀਬਾਰੀ ਬੀਤੀ ਰਾਤ ਕਰੀਬ 11.45 ਵਜੇ ਹੋਈ।

ਤੁਹਾਨੂੰ ਦੱਸ ਦੇਈਏ ਕਿ 24 ਘੰਟਿਆਂ ਦੇ ਅੰਦਰ ਅਮਰੀਕਾ ਵਿੱਚ ਇਹ ਤੀਜਾ ਅਤਿਵਾਦੀ ਹਮਲਾ ਹੈ। ਪਹਿਲਾ ਹਮਲਾ ਅਮਰੀਕਾ ਦੇ ਨਿਊ ਓਰਲੀਨਜ਼ ਵਿੱਚ ਹੋਇਆ, ਜਿੱਥੇ 15 ਲੋਕਾਂ ਦੀ ਮੌਤ ਹੋ ਗਈ। ਦੂਜਾ ਹਮਲਾ ਅਮਰੀਕਾ ਦੇ ਲਾਸ ਵੇਗਾਸ ਵਿੱਚ ਟਰੰਪ ਇੰਟਰਨੈਸ਼ਨਲ ਹੋਟਲ ਨੇੜੇ ਹੋਇਆ। ਇਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਉਥੇ ਸੱਤ ਲੋਕ ਜ਼ਖ਼ਮੀ ਹੋ ਗਏ। ਇਸ ਤੋਂ ਇਲਾਵਾ ਨਿਊ ਓਰਲੀਨਜ਼ 'ਚ ਕੈਨਾਲ ਐਂਡ ਬੋਰਬੋਨ ਸਟਰੀਟ 'ਤੇ ਨਵੇਂ ਸਾਲ ਦੇ ਪਹਿਲੇ ਕੁੱਝ ਘੰਟਿਆਂ 'ਚ ਇਕ ਕਾਰ ਨੇ ਭੀੜ ਨੂੰ ਦਰੜ ਦਿਤਾ, ਜਿਸ 'ਚ 10 ਲੋਕਾਂ ਦੀ ਮੌਤ ਹੋ ਗਈ ਅਤੇ 30 ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਸ਼ਹਿਰ ਦੀ ਐਮਰਜੈਂਸੀ ਤਿਆਰੀ ਏਜੰਸੀ ਨੋਲਾ ਰੈਡੀ ਨੇ ਦਿਤੀ ਸੀ। ਨਿਊ ਓਰਲੀਨਜ਼ ਪੁਲਿਸ ਨੇ ਪਹਿਲਾਂ ਕਿਹਾ ਸੀ ਕਿ ਉਹ 'ਵੱਡੇ ਪੱਧਰ 'ਤੇ ਮੌਤਾਂ' ਦੀ ਸਥਿਤੀ ਨਾਲ ਨਜਿੱਠ ਰਹੇ ਹਨ।

# ਪੇਜ ਇੱਕ ਦੀ ਬਾਕੀ

## ਦੱਖਣੀ ਕੋਰੀਆ ਦੇ ਜਹਾਜ਼...

ਜਹਾਜ਼ ਫਿਸਲ ਕੇ ਕੰਕਰੀਟ ਦੀ ਕੰਧ ਨਾਲ ਟਕਰਾ ਗਿਆ ਅਤੇ ਫਿਰ ਅੱਗ ਲੱਗ ਗਈ। ਦੋ ਥਾਈ ਨਾਗਰਿਕਾਂ ਤੋਂ ਇਲਾਵਾ, ਮਰਨ ਵਾਲੇ ਬਾਕੀ ਸਾਰੇ ਦੱਖਣੀ ਕੋਰੀਆ ਦੇ ਨਾਗਰਿਕ ਸਨ। ਇਨ੍ਹਾਂ 'ਚੋਂ ਜ਼ਿਆਦਾਤਰ ਕ੍ਰਿਸਮਸ ਦੀਆਂ ਛੁੱਟੀਆਂ ਮਨਾ ਕੇ ਬੈਂਕਾਕ 'ਚ ਆਪਣੇ ਘਰਾਂ ਨੂੰ ਪਰਤ ਰਹੇ ਸਨ। ਦੁਖੀ ਪਰਿਵਾਰਾਂ ਨੇ ਬੁੱਧਵਾਰ ਨੂੰ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ ਅਤੇ ਆਪਣੇ ਪਿਆਰਿਆਂ ਨੂੰ ਸ਼ਰਧਾਂਜਲੀ ਦਿੱਤੀ। ਟਰਾਂਸਪੋਰਟ ਮੰਤਰਾਲੇ ਨੇ ਕਿਹਾ ਕਿ ਅਧਿਕਾਰੀਆਂ ਨੇ ਮ੍ਰਿਤਕਾਂ ਦੀ ਪਛਾਣ ਪੂਰੀ ਕਰ ਲਈ ਹੈ।

ਮੰਤਰਾਲੇ ਨੇ ਕਿਹਾ ਕਿ ਕੁਝ ਲਾਸ਼ਾਂ ਦੇ ਗੰਭੀਰ ਰੂਪ ਨਾਲ ਨੁਕਸਾਨੇ ਜਾਣ ਕਾਰਨ ਕੰਮ ਗੁੰਝਲਦਾਰ ਸੀ। ਉਨ੍ਹਾਂ ਕਿਹਾ ਕਿ ਸਰਕਾਰ ਹੁਣ ਤੱਕ 11 ਲਾਸ਼ਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਸੌਂਪ ਚੁੱਕੀ ਹੈ। ਹਾਦਸੇ ਦੇ ਸਹੀ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਇਲਟ ਨੂੰ ਹਵਾਈ ਟ੍ਰੈਫਿਕ ਕੰਟਰੋਲਰਾਂ ਤੋਂ ਪੰਛੀਆਂ ਦੇ ਹਮਲੇ ਦੀ ਸੰਭਾਵਨਾ ਬਾਰੇ ਚੇਤਾਵਨੀ ਮਿਲੀ ਸੀ ਅਤੇ ਜਹਾਜ਼ ਤੋਂ ਕਰੈਸ਼ ਹੋਣ ਤੋਂ ਪਹਿਲਾਂ ਇੱਕ ਕਾਲ ਜਾਰੀ ਕੀਤੀ ਗਈ ਸੀ।

ਮੰਤਰਾਲੇ ਦੇ ਅਧਿਕਾਰੀਆਂ ਨੇ ਕਿਹਾ ਕਿ ਉਹ ਇਸ ਗੱਲ ਦੀ ਵੀ ਜਾਂਚ ਕਰਨਗੇ ਕਿ ਕੀ ਮੁਆਨ ਹਵਾਈ ਅੱਡੇ 'ਤੇ ਰਿਟੇਨਿੰਗ ਦੀਵਾਰ ਕੰਕਰੀਟ ਦੀ ਬਜਾਏ ਲਾਈਟਰ ਮਟੀਰੀਅਲ ਦੀ ਹੋਣੀ ਚਾਹੀਦੀ ਹੈ, ਜੋ ਕਿ ਟਕਰਾਉਣ ਤੋਂ ਬਾਅਦ ਆਸਾਨੀ ਨਾਲ ਟੁੱਟ ਜਾਂਦੀ ਹੈ ਕਿਉਂਕਿ ਇਹ ਹਾਦਸਾ ਇਸੇ ਤਰ੍ਹਾਂ ਦੀ ਦੀਵਾਰ ਨਾਲ ਟਕਰਾਉਣ ਤੋਂ ਬਾਅਦ ਹੋਇਆ ਹੈ। ਦੱਖਣੀ ਕੋਰੀਆ ਦੀ ਸਰਕਾਰ ਨੇ ਦੇਸ਼ ਵਿੱਚ ਮੌਜੂਦ ਸਾਰੇ 101 ਬੋਇੰਗ 737-800 ਜਹਾਜ਼ਾਂ ਦੀ ਸੁਰੱਖਿਆ ਜਾਂਚ ਸ਼ੁਰੂ ਕਰ ਦਿੱਤੀ ਹੈ। ਮੰਗਲਵਾਰ ਨੂੰ, ਬੋਇੰਗ ਦੇ ਨੁਮਾਇੰਦਿਆਂ ਸਮੇਤ ਅਮਰੀਕੀ ਜਾਂਚ ਅਧਿਕਾਰੀਆਂ ਦੀ ਇੱਕ ਟੀਮ ਨੇ ਵੀ ਕਰੈਸ਼ ਸਾਈਟ ਦੀ ਜਾਂਚ ਕੀਤੀ।

## ਟਰੰਪ ਵੱਲੋਂ ਐੱਚ-1ਬੀ...

ਸ਼ਿਨਹੂਆ ਖ਼ਬਰ ਏਜੰਸੀ ਨੇ ਕਿਹਾ ਕਿ ਤਕਨੀਕੀ ਤੇ ਹੁਨਰਮੰਦ ਕਾਮਿਆਂ ਲਈ ਰਾਹ ਖੁੱਲ੍ਹਾ ਰੱਖਣ ਨੂੰ ਕਈ ਕਾਰੋਬਾਰੀ ਆਗੂ ਅਮਰੀਕੀ ਅਰਥਚਾਰੇ ਲਈ ਅਹਿਮ ਮੰਨਦੇ ਹਨ। ਇਸ ਤੋਂ ਪਹਿਲਾਂ ਟਰੰਪ ਨੇ ਅਮਰੀਕਾ 'ਚ ਕੰਮ ਕਰਨ ਲਈ ਯੋਗ ਪੇਸ਼ੇਵਰਾਂ ਦੇ ਪ੍ਰੋਗਰਾਮ ਦੇ ਵਿਰੋਧ ਨੂੰ ਖਾਰਜ ਕਰਦਿਆਂ ਐਲਾਨ ਕੀਤਾ ਸੀ ਕਿ ਉਹ ਐੱਚ-1ਬੀ ਵੀਜ਼ਾ 'ਚ ਯਕੀਨ ਰੱਖਦੇ ਹਨ।

ਇਸ ਐਲਾਨ ਨੇ ਉਨ੍ਹਾਂ ਦੇ ਸਲਾਹਕਾਰਾਂ ਐਲਨ ਮਸਕ ਤੇ ਵਿਵੇਕ ਰਾਮਾਸਵਾਮੀ ਖ਼ਿਲਾਫ਼ ਇੱਕ ਧੜਾ ਖੜ੍ਹਾ ਕਰ ਦਿੱਤਾ ਸੀ। ਉਨ੍ਹਾਂ ਲੰਘੇ ਸ਼ਨਿਚਰਵਾਰ ਨਿਊਯਾਰਕ ਪੋਸਟ ਨਾਲ ਫੋਨ 'ਤੇ ਇੱਕ ਇੰਟਰਵਿਊ ਦੌਰਾਨ ਕਿਹਾ, 'ਇਹ ਬਹੁਤ ਚੰਗਾ ਪ੍ਰੋਗਰਾਮ ਹੈ।'

## ਕੈਨੇਡਾ ਦੇ ਪ੍ਰਧਾਨ ਮੰਤਰੀ...

ਚੋਣਾਂ ਦਾ ਐਲਾਨ ਜਨਵਰੀ ਦੇ ਅਖੀਰ ਵਿੱਚ ਹੋ ਸਕਦਾ ਹੈ ਜੇਕਰ ਟਰੂਡੋ ਦੇ ਵਿਰੋਧੀ ਸਦਨ ਦੇ ਬਰੇਕ ਤੋਂ ਵਾਪਸ ਆਉਣ 'ਤੇ ਘੱਟ ਗਿਣਤੀ ਸਰਕਾਰ ਨੂੰ ਡੇਗ ਦਿੰਦੇ ਹਨ।

ਕੈਲਗਰੀ ਦੇ ਪੰਜਾਬੀ ਸੰਸਦ ਮੈਂਬਰ ਜਾਰਜ ਚਹਿਲ ਨੇ 27 ਦਸੰਬਰ ਨੂੰ ਕਾਕਸ ਨੂੰ ਲਿਖੇ ਇੱਕ ਪੱਤਰ ਵਿੱਚ ਲਿਖਿਆ, "ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਹੁਣ ਕਾਕਸ ਦਾ ਸਮਰਥਨ ਨਹੀਂ ਹੈ ਅਤੇ ਕੁਝ ਮਾਣ ਬਰਕਰਾਰ ਰੱਖਣ ਲਈ ਉਹਨਾਂ ਨੂੰ ਤੁਰੰਤ ਆਪਣਾ ਅਸਤੀਫਾ ਦੇ ਦੇਣਾ ਚਾਹੀਦਾ ਹੈ। ਇਸਤੋਂ ਇਲਾਵਾ ਮਾਂਟਰੀਅਲ ਤੋਂ ਮੈਂਬਰ ਪਾਰਲੀਮੈਂਟ ਅੰਜੂ ਢਿੱਲੋਂ ਨੇ ਵੀ ਅਸਤੀਫੇ ਦੀ ਮੰਗ ਕੀਤੀ ਹੈ । ਇੱਕ ਤਾਜ਼ਾ ਵਰਚੁਅਲ ਮੀਟਿੰਗ ਤੋਂ ਬਾਅਦ ਜਿਸ ਦੌਰਾਨ ਓਨਟਾਰੀਓ ਤੋਂ ਸੰਸਦ ਦੇ 51 ਲਿਬਰਲ ਮੈਂਬਰਾਂ ਨੇ ਟਰੂਡੋ ਦੀ ਲੀਡਰਸ਼ਿਪ ਬਾਰੇ ਚਰਚਾ ਕੀਤੀ। ਇਕੱਠ ਤੋਂ ਬਾਅਦ, ਪਾਰਟੀ ਦੇ ਸਭ ਤੋਂ ਵੱਡੇ ਕਾਕਸ ਸਮੂਹ ਨੇ ਪ੍ਰਧਾਨ ਮੰਤਰੀ ਨੂੰ ਇੱਕ ਸੰਦੇਸ਼ ਜਾਰੀ ਕੀਤਾ ਛੇਤੀ ਅਸਤੀਫ਼ਾ ਦੇਣ ।

ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਇੱਕ ਲਿਬਰਲ ਨੇ ਕਿਹਾ, "ਅਸੀਂ ਇੱਕ ਬ੍ਰੇਕਿੰਗ ਪੁਆਇੰਟ ਉੱਤੇ ਪਹੁੰਚ ਗਏ ਹਾਂ, ਸਮਾਂ ਇੱਕ ਨਾਜ਼ੁਕ ਸਥਿਤੀ ਵਿੱਚ ਪਹੁੰਚ ਗਿਆ ਹੈ ਅਤੇ ਇਹ ਪਹਿਲਾਂ ਨਹੀਂ ਸੀ। ਇਹ ਚਰਚਾਵਾਂ ਵੀ ਚੱਲ ਰਹੀਆਂ ਹਨ ਜਸਟਿਨ ਟਰੂਡੋ ਛੁੱਟੀਆਂ ਤੋਂ ਬਾਅਦ ਪਹਿਲੇ ਹਫ਼ਤੇ ਅਸਤੀਫਾ ਦੇ ਦੇਣਗੇ ।

## ਕੈਨੇਡਾ 'ਚ 80 ਲੱਖ...

ਪਰਦਾ ਫ਼ਾਸ਼ ਕੀਤਾ ਜਾ ਰਿਹਾ ਹੈ। ਆਰ.ਸੀ.ਐਮ.ਪੀ. ਅਤੇ ਕੈਲਗਰੀ ਪੁਲਿਸ ਵਰਗੀਆਂ ਲਾਅ ਐਨਫੋਰਸਮੈਂਟ ਏਜੰਸੀਆਂ ਵੀ ਬਾਰਡਰ ਏਜੰਟਾਂ ਦਾ ਡਟਵਾਂ ਸਾਥ ਦੇ ਰਹੀਆਂ ਹਨ ਅਤੇ ਆਪਣੇ ਸ਼ਹਿਰਾਂ ਤੇ ਕਸਬਿਆਂ ਨੂੰ ਨਸ਼ਿਆਂ ਤੋਂ ਸੁਰੱਖਿਅਤ ਰੱਖਣ ਵਿਚ ਮਦਦ ਮਿਲ ਰਹੀ ਹੈ। ਇਥੇ ਦਸਣਾ ਬਣਦਾ ਹੈ ਕਿ ਮੌਜੂਦਾ ਵਰ੍ਹੇ ਦੌਰਾਨ ਪਹਿਲੀ ਜਨਵਰੀ ਤੋਂ 31 ਅਕਤੂਬਰ ਦਰਮਿਆਨ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ 25,600 ਕਿਲੋ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ।

### ਓ.ਪੀ.ਪੀ. ਨੇ 47 ਕਿਲੋ ਸ਼ੱਕੀ ਕੋਕੀਨ ਅਤੇ ਹੋਰ ਨਸ਼ੇ ਜ਼ਬਤ ਕੀਤੇ

ਇਸ ਤੋਂ ਇਲਾਵਾ 5 ਲੱਖ 47 ਹਜ਼ਾਰ ਕਿਲੋ ਨਾਜਾਇਜ਼ ਤੰਬਾਕੂ ਵੀ ਬਰਾਮਦ ਕੀਤਾ ਗਿਆ। ਦੂਜੇ ਪਾਸੇ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਵੱਲੋਂ ਪ੍ਰੋਜੈਕਟ ਮਿਡਫ਼ੀਲਡ ਅਧੀਨ 47 ਕਿਲੋ ਸ਼ੱਕੀ ਕੋਕੀਨ ਬਰਾਮਦ ਕਰਨ ਅਤੇ ਤਿੰਨ ਜਣਿਆਂ ਵਿਰੁੱਧ 39 ਦੋਸ਼ ਆਇਦ ਕਰਨ ਦਾ ਜ਼ਿਕਰ ਕੀਤਾ ਗਿਆ ਹੈ। ਓ.ਪੀ.ਪੀ. ਵੱਲੋਂ ਔਟਵਾ ਪੁਲਿਸ ਅਤੇ ਬਰੌਕਵਿਲ ਪੁਲਿਸ ਦੀ ਮਦਦ ਨਾਲ ਇਹ ਕਾਰਵਾਈ ਕੀਤੀ ਗਈ ਅਤੇ ਨਸ਼ੀਲੇ ਪਦਾਰਥਾਂ ਤੋਂ ਇਲਾਵਾ ਇਕ ਹਥਿਆਰ, ਪੰਜ ਮੈਗਜ਼ੀਨ, ਇਕ ਬਾਰਡਰ ਆਰਮਰ, ਪੰਜ ਸੈਲ ਫੋਨ, ਦੋ ਗੱਡੀਆਂ ਅਤੇ ਨਕਦੀ ਬਰਾਮਦ ਕੀਤੀ ਗਈ। ਔਟਵਾ ਪੁਲਿਸ ਦੇ ਸੁਪਰਡੈਂਟ ਜੇਮੀ ਡਨਲੌਪ ਨੇ ਦੱਸਿਆ ਕਿ ਉਨਟਾਰੀਓ ਦੀਆਂ ਕਮਿਊਨਿਟੀਜ਼ ਨੂੰ ਸੁਰੱਖਿਅਤ ਰਖਦਿਆਂ ਪ੍ਰੋਜੈਕਟ ਮਿਡਫੀਲਡ ਨੂੰ ਵੱਖ ਵੱਖ ਪੁਲਿਸ ਮਹਿਕਮਿਆਂ ਨਾਲ ਭਾਈਵਾਲੇ ਤਹਿਤ ਨੇਪਰੇ ਚਾੜ੍ਹਿਆ ਗਿਆ। ਬਰੌਕਵਿਲ ਪੁਲਿਸ ਦੇ ਡਿਪਟੀ ਚੀਫ਼ ਐਂਡਰਿਊ ਹਾਰਵੀ ਨੇ ਕਿਹਾ ਕਿ ਨਸ਼ਿਆਂ ਦੀ ਵੱਡੀ ਬਰਾਮਦਗੀ ਪੁਲਿਸ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸੇ ਦੌਰਾਨ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਨਸ਼ਾ ਤਸਕਰੀ ਨਾਲ ਸਬੰਧਤ ਕੋਈ ਜਾਣਕਾਰੀ ਹੋਵੇ ਤਾਂ ਉਹ 1888 310 1122 'ਤੇ ਸੰਪਰਕ ਕਰੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਕ੍ਰਾਈਮ ਸਟੌਪਰਜ਼ ਨਾਲ 1800 222 ਟਿਪਸ 8477 'ਤੇ ਕਾਲ ਕੀਤੀ ਜਾ ਸਕਦੀ ਹੈ।

## ਉਨਟਾਰੀਓ 'ਚ ਠੱਗ...

ਕਰਨ ਕਰਨ ਵਾਲੇ ਇੰਮੀਗ੍ਰੇਸ਼ਨ ਸਲਾਹਕਾਰਾਂ ਉਤੇ ਤਿੰਨ ਸਾਲ ਤੋਂ 10 ਸਾਲ ਦੀ ਪਾਬੰਦੀ ਅਤੇ ਮਨੁੱਖੀ ਤਸਕਰੀ ਜਾਂ ਪਾਸਪੋਰਟ ਰੱਖਣ ਵਾਲੇ ਗੰਭੀਰ ਅਪਰਾਧ ਕਰਨ ਵਾਲਿਆਂ ਲਈ ਉਮਰ ਭਰ ਦੀ ਪਾਬੰਦੀ ਲਾਗੂ ਕੀਤੀ ਗਈ ਹੈ। ਇਸ ਤੋਂ ਇਲਾਵਾ ਗਲਤ ਜਾਣਕਾਰੀ ਦੇਣ ਨੂੰ ਵਾਲੇ ਨੂੰ ਜੁਰਮਾਨੇ ਦੀ ਰਕਮ 2 ਹਜ਼ਾਰ ਡਾਲਰ ਤੋਂ ਵਧਾ ਕੇ 10 ਹਜ਼ਾਰ ਡਾਲਰ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਮਿਊਂਸਪਲ ਮਾਮਲਿਆਂ ਹਾਊਸਿੰਗ ਖੇਤਰ ਨਾਲ ਸਬੰਧਤ ਤਬਦੀਲੀਆਂ ਵੀ ਲਾਗੂ ਹੋ ਗਈਆਂ। ਹੁਣ ਸੂਬੇ ਵਿਚ ਡਰਹਮ ਅਤੇ ਵਾਟਰਲੂ ਰੀਜਨਜ਼ ਵਾਸਤੇ ਜ਼ਮੀਨ ਦੀ ਵਰਤੋਂ ਨਾਲ ਸਬੰਧਤ ਯੋਜਨਾਬੰਦੀ ਜ਼ਿੰਮੇਵਾਰੀ ਖਤਮ ਕਰ ਦਿਤੀ ਗਈ ਹੈ। ਇਸ ਤਰੀਕੇ ਨਾਲ ਮਕਾਨਾਂ ਦੀ ਉਸਾਰੀ ਤੇਜ਼ ਕਰਨ ਵਿਚ ਮਦਦ ਮਿਲੇਗੀ।

### 1 ਜਨਵਰੀ ਤੋਂ ਸੂਬੇ ਵਿਚ ਲਾਗੂ ਹੋਏ ਨਵੇਂ ਨਿਯਮ ਅਤੇ ਕਾਨੂੰਨ

ਸਿੱਖਿਆ ਖੇਤਰ ਨਾਲ ਸਬੰਧਤ ਤਬਦੀਲੀਆਂ ਅਧੀਨ ਉਨਟਾਰੀਓ ਦੇ ਕਿਸੇ ਵੀ ਸਰਕਾਰੀ ਸਹਾਇਤਾ ਪ੍ਰਾਪਤ ਕਾਲਜ ਜਾਂ ਯੂਨੀਵਰਸਿਟੀ ਵਾਸਤੇ ਮਾਨਸਿਕ ਸਿਹਤ ਨਾਲ ਸਬੰਧਤ ਸਪੱਸ਼ਟ ਨੀਤੀਆਂ ਲਾਗੂ ਕਰਨੀਆਂ ਲਾਜ਼ਮੀ ਹੋ ਚੁੱਕੀਆਂ ਹਨ ਜਦਕਿ ਕੈਂਪਸ ਵਿਚੋਂ ਨਸਲਵਾਦ ਅਤੇ ਨਫ਼ਰਤ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਵਾਸਤੇ ਵੀ ਢੁਕਵੇਂ ਉਪਾਅ ਕਰਨੇ ਹੋਣਗੇ। 2024 ਦੇ ਆਰੰਭ ਵਿਚ ਸੂਬਾ ਸਰਕਾਰ ਵੱਲੋਂ ਪੋਸਟ ਸੈਕੰਡਰੀ ਵਿਦਿਅਕ ਸੰਸਥਾਵਾਂ ਵਿਚ ਮਾਨਸਿਕ ਸਿਹਤ ਵਾਸਤੇ 23 ਮਿਲੀਅਨ ਡਾਲਰ ਖਰਚ ਕਰਨ ਦਾ ਐਲਾਨ ਕੀਤਾ ਗਿਆ ਸੀ।

# ਨਵਾਂ ਸਾਲ ਮਨਾਉਣ ਗਏ ਸਨ 3 ਦੋਸਤ, ਹੋਟਲ ਦੇ ਬੰਦ ਕਮਰੇ 'ਚੋਂ ਮਿਲੀਆ ਤਿੰਨਾਂ ਦੀਆਂ ਲਾਸ਼ਾਂ



ਸਾਲ ਦਾ ਪਹਿਲਾ ਦਿਨ ਭਾਰਤ ਸਮੇਤ ਪੂਰੀ ਦੁਨੀਆਂ ਵਿਚ ਮਨਾਇਆ ਗਿਆ ਹੈ। ਹਾਲਾਂਕਿ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਇਕ ਤੋਂ ਬਾਅਦ ਇਕ ਕਈ ਬੁਰੀਆਂ ਖ਼ਬਰਾਂ ਵੀ ਸਾਹਮਣੇ ਆ ਰਹੀਆਂ ਹਨ। ਅਜਿਹੀ ਹੀ ਇੱਕ ਖ਼ਬਰ ਜੰਮੂ-ਕਸ਼ਮੀਰ ਦੇ ਡੋਡਾ ਤੋਂ ਸਾਹਮਣੇ ਆਈ ਹੈ। ਡੋਡਾ ਦੇ ਭਦਰਵਾਹ ਵਿੱਚ ਬੁੱਧਵਾਰ ਸ਼ਾਮ ਨੂੰ ਇੱਕ ਗੈਸਟ ਹਾਊਸ ਵਿੱਚ ਤਿੰਨ ਨੌਜਵਾਨਾਂ ਦੀਆਂ ਲਾਸ਼ਾਂ ਮਿਲੀਆਂ। ਜਾਣਕਾਰੀ ਮੁਤਾਬਕ ਤਿੰਨੇ ਨੌਜਵਾਨ ਜੰਮੂ-ਕਸ਼ਮੀਰ ਦੇ ਭੱਦਰਵਾਹ 'ਚ ਨਵਾਂ ਸਾਲ ਮਨਾਉਣ ਆਏ ਸਨ।

ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਹਿਚਾਣ ਮੁਕੇਸ਼ ਸਿੰਘ, ਆਸ਼ੂਤੋਸ਼ ਸਿੰਘ ਅਤੇ ਸੰਨੀ ਚੌਧਰੀ ਵਾਸੀ ਜੰਮੂ ਵਜੋਂ ਹੋਈ ਹੈ। ਤਿੰਨੇ ਨਵੇਂ ਸਾਲ ਦਾ ਜਸ਼ਨ ਮਨਾਉਣ ਲਈ ਭੱਦਰਵਾਹ ਆਏ ਸਨ। ਦਰਅਸਲ, ਪੁਲਿਸ ਉਸ ਸਮੇਂ ਚੌਕਸ ਹੋ ਗਈ ਜਦੋਂ ਇੱਕ ਮ੍ਰਿਤਕ ਨੇ ਆਪਣੇ ਪਰਿਵਾਰ ਦੇ ਵਾਰ-ਵਾਰ ਫ਼ੋਨ ਕਰਨ 'ਤੇ ਵੀ ਕੋਈ ਜਵਾਬ ਨਹੀਂ ਦਿੱਤਾ। ਇਸ ਤੋਂ ਬਾਅਦ ਇਹ ਘਟਨਾ ਸਾਹਮਣੇ ਆਈ।

ਡੋਡਾ ਦੇ ਐਸਐਸਪੀ ਸੰਦੀਪ ਮਹਿਤਾ ਨੇ ਇਸ ਸਾਰੀ ਘਟਨਾ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਸਾਨੂੰ ਜੰਮੂ ਤੋਂ ਫ਼ੋਨ ਆਇਆ ਕਿ ਆਸ਼ੂਤੋਸ਼ ਨਾਂ ਦਾ ਨੌਜਵਾਨ ਆਪਣੇ ਦੋ ਦੋਸਤਾਂ ਨਾਲ ਨਵਾਂ ਸਾਲ ਮਨਾਉਣ ਲਈ ਭਦਰਵਾਹ ਆਇਆ ਹੈ। ਉਹ ਫ਼ੋਨ ਕਾਲਾਂ ਦਾ ਜਵਾਬ ਨਹੀਂ ਦੇ ਰਿਹਾ ਹੈ। ਸਾਡੀ ਟੀਮ ਨੇ ਉਨ੍ਹਾਂ ਦਾ ਪਤਾ ਲਗਾਇਆ ਅਤੇ ਉਹ ਇੱਕ ਹੋਟਲ ਦੇ ਕਮਰੇ ਵਿੱਚ ਸਨ। ਜਦੋਂ ਟੀਮ ਕਮਰੇ ਵਿੱਚ ਦਾਖ਼ਲ ਹੋਣ ਵਿੱਚ ਕਾਮਯਾਬ ਹੋਈ ਤਾਂ ਤਿੰਨੇ ਨੌਜਵਾਨ ਬੇਹੋਸ਼ ਪਾਏ ਗਏ।

# ਮਾਘੀ ਵੇਲੇ ਪੰਜਾਬ 'ਚ ਬਣ ਸਕਦੀ ਹੈ ਨਵੀਂ ਪੰਥਕ ਪਾਰਟੀ



ਫਰੀਦਕੋਟ: ਪੰਜਾਬ ਵਿੱਚ ਮਾਘੀ ਵਾਲੇ ਦਿਨ 14 ਜਨਵਰੀ ਨੂੰ ਨਵੀਂ ਪੰਥਕ ਪਾਰਟੀ ਦਾ ਐਲਾਨ ਹੋ ਸਕਦਾ ਹੈ। ਫਰੀਦਕੋਟ ਦੇ ਲੋਕ ਸਭਾ ਮੈਂਬਰ ਭਾਈ ਸਰਬਜੀਤ ਸਿੰਘ ਅਤੇ ਖਡੂਰ ਸਾਹਿਬ ਦੇ ਲੋਕ ਸਭਾ ਮੈਂਬਰ ਤੇ ਹੁਣ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਨਵੀਂ ਪੰਥਕ ਪਾਰਟੀ ਬਣ ਰਹੀ ਹੈ। ਸੂਚਨਾ ਅਨੁਸਾਰ ਇਨ੍ਹਾਂ ਆਗੂਆਂ ਨੇ ਨਵੇਂ ਪਾਰਟੀ ਦੇ ਗਠਨ ਲਈ ਆਪਣੇ ਵੱਧ ਤੋਂ ਵੱਧ ਸਮਰਥਕਾਂ ਨੂੰ ਮਾਘੀ ਮੇਲੇ 'ਤੇ ਸ੍ਰੀ ਮੁਕਤਸਰ ਸਾਹਿਬ ਪਹੁੰਚਣ ਦੀ ਅਪੀਲ ਕੀਤੀ ਹੈ। ਦੋਵੇਂ ਲੰਘੀਆਂ ਲੋਕ ਸਭਾ ਚੋਣਾਂ ਵਿੱਚ ਆਜ਼ਾਦ ਉਮੀਦਵਾਰ ਵਜੋਂ ਵੱਡੇ ਫਰਕ ਨਾਲ ਚੋਣ ਜਿੱਤੇ ਸਨ। ਸ਼੍ਰੋਮਣੀ ਅਕਾਲੀ ਦਲ ਬਾਦਲ ਪਿਛਲੀਆਂ ਤਿੰਨ ਚੋਣਾਂ ਲਗਾਤਾਰ ਬੁਰੀ ਤਰ੍ਹਾਂ ਹਾਰਿਆ ਹੈ।

ਨਵੀਂ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਹਾਰ ਕਾਰਨ ਪੈਦਾ ਹੋਏ ਖਲਾਅ ਵਿੱਚ ਆਪਣਾ ਭਵਿੱਖ ਭਾਲ ਰਹੀ ਹੈ। ਭਾਈ ਸਰਬਜੀਤ ਸਿੰਘ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਸਿੱਖਾਂ ਅਤੇ ਪੰਜਾਬੀਆਂ ਦੇ ਮੁੱਦੇ ਚੁੱਕਣ ਲਈ ਪੰਜਾਬ ਵਿੱਚ ਨਵੀਂ ਪੰਥਕ ਪਾਰਟੀ ਬਣਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਭਾਈ ਸਰਬਜੀਤ ਸਿੰਘ ਦੇ ਨੇੜਲੇ ਵਰਕਰ ਗੋਰਾ ਸਿੰਘ ਮੱਤਾ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਦੋਵੇਂ ਲੋਕ ਸਭਾ ਮੈਂਬਰਾਂ ਨੇ ਆਪਣੇ ਸਮਰਥਕਾਂ ਅਤੇ ਪੰਥਕ ਵਿਚਾਰਧਾਰਾ ਵਾਲੇ ਵਿਅਕਤੀਆਂ ਨੂੰ 14 ਜਨਵਰੀ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਮਾਘੀ ਮੇਲੇ 'ਤੇ ਸੱਦਿਆ ਹੈ ਤਾਂ ਜੋ ਨਵੀਂ ਪੰਥਕ ਪਾਰਟੀ ਸਥਾਪਤ ਕੀਤੀ ਜਾ ਸਕੇ। ਉਨ੍ਹਾਂ ਆਸ ਪ੍ਰਗਟਾਈ ਕਿ ਮਾਘੀ ਮੇਲੇ ਤੋਂ ਪਹਿਲਾਂ ਭਾਈ ਅੰਮ੍ਰਿਤਪਾਲ ਸਿੰਘ ਵੀ ਡਿਬਰੂਗੜ੍ਹ ਜੇਲ੍ਹ ਤੋਂ ਰਿਹਾਅ ਹੋ ਜਾਣਗੇ।









# ਪੰਜਾਬੀ ਗਾਇਕ ਦਿਲਜੀਤ ਦੋਸਾਂਝ ਨੇ PM ਮੋਦੀ ਨਾਲ ਕੀਤੀ ਮੁਲਾਕਾਤ

## ਮੋਦੀ ਨੇ ਕਿਹਾ- ਤੁਸੀਂ ਲੋਕਾਂ ਦੇ ਦਿਲ ਜਿੱਤਦੇ ਹੋ



ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦਾ ਦਿਲ ਲੁਮਿਨਾਟੀ ਟੂਰ 31 ਦਸੰਬਰ ਦੀ ਰਾਤ ਨੂੰ ਸਮਾਪਤ ਹੋ ਗਿਆ। ਲੁਧਿਆਣਾ ਸ਼ੋਅ ਤੋਂ ਬਾਅਦ ਦਿਲਜੀਤ ਸਿੱਧੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਗਏ। ਦੋਸਾਂਝ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਦੀਆਂ ਕੁਝ ਤਸਵੀਰਾਂ ਅਤੇ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਹਨ। ਜਿਸ ਤੋਂ ਬਾਅਦ ਦਿਲਜੀਤ ਦੀ ਉਨ੍ਹਾਂ ਦੇ ਪ੍ਰਸ਼ੰਸਕਾਂ ਵੱਲੋਂ ਕਾਫੀ ਤਾਰੀਫ ਕੀਤੀ ਗਈ।

ਦਿਲਜੀਤ ਨੇ X 'ਤੇ ਲਿਖਿਆ - 2025 ਦੀ ਸ਼ੁਰੂਆਤ ਸ਼ਾਨਦਾਰ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਬਹੁਤ ਯਾਦਗਾਰ ਰਹੇਗੀ। ਅਸੀਂ ਸੰਗੀਤ ਸਮੇਤ ਕਈ ਚੀਜ਼ਾਂ ਬਾਰੇ ਗੱਲ ਕੀਤੀ। ਦੱਸ ਦੇਈਏ ਕਿ ਦਿਲਜੀਤ ਹੱਥਾਂ ਵਿੱਚ ਗੁਲਦਸਤਾ ਲੈ ਕੇ ਪ੍ਰਧਾਨ ਮੰਤਰੀ ਨੂੰ ਮਿਲਣ ਪਹੁੰਚੇ ਸਨ।

ਪ੍ਰਧਾਨ ਮੰਤਰੀ ਮੋਦੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਚੰਗਾ ਲੱਗਦਾ ਹੈ ਜਦੋਂ ਭਾਰਤ ਦੇ ਇੱਕ ਪਿੰਡ ਦਾ ਮੁੰਡਾ ਦੁਨੀਆ ਵਿੱਚ ਆਪਣਾ ਨਾਮ ਮਸ਼ਹੂਰ ਕਰਦਾ ਹੈ। ਤੁਹਾਡੇ ਪਰਿਵਾਰ ਨੇ ਤੁਹਾਡਾ ਨਾਂ ਦਿਲਜੀਤ ਰੱਖਿਆ ਹੈ, ਇਸ ਲਈ ਤੁਸੀਂ ਲੋਕਾਂ ਦਾ ਦਿਲ ਜਿੱਤਦੇ ਰਹਿੰਦੇ ਹੋ।

ਦਿਲਜੀਤ ਦੋਸਾਂਝ ਨੇ ਗੱਲਬਾਤ ਕਰਦਿਆਂ ਕਿਹਾ, 'ਮੈਂ ਪੜ੍ਹਦਾ ਸੀ ਕਿ ਮੇਰਾ ਭਾਰਤ ਮਹਾਨ, ਪਰ ਜਦੋਂ ਹੁਣ ਮੈ ਪੂਰਾ ਭਾਰਤ ਘੁੰਮਿਆ ਤਾਂ, ਸਮਝ ਆਇਆ ਕਿ ਆਖਿਰ ਭਾਰਤ ਨੂੰ ਮਹਾਨ ਕਿਉਂ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ, 'ਭਾਰਤ ਵਿੱਚ ਜੋ ਜਾਦੂ ਹੈ, ਉਹ ਯੋਗਾ ਹੈ।' ਇਸ ਉੱਤੇ ਪੀਐਮ ਮੋਦੀ ਨੇ ਕਿਹਾ ਕਿ, 'ਸੱਚਮੁਚ ਭਾਰਤ ਦੀ ਵਿਸ਼ਾਲਤਾ ਇੱਕ ਸ਼ਕਤੀ ਹੈ। ਯੋਗ ਦਾ ਅਨੁਭਵ ਜਿਸ ਨੇ ਕੀਤਾ ਹੈ, ਉਹ ਇਸ ਦੀ ਤਾਕਤ ਸਮਝਦਾ ਹੈ।' ਇਸ ਦੌਰਾਨ ਦਿਲਜੀਤ ਦੋਸਾਂਝ ਨੇ ਪੀਐਮ ਮੋਦੀ ਨਾਲ ਕੁੱਝ ਸਮਾਂ ਬਿਤਾਇਆ ਤੇ ਗੱਲਬਾਤ ਕੀਤੀ। ਇਸ ਦੀ ਵੀਡੀਓ ਤੇ ਫੋਟੋਆਂ ਪੀਐਮ ਮੋਦੀ ਅਤੇ ਦਿਲਜੀਤ ਦੋਸਾਂਝ ਵਲੋਂ ਆਪਣੇ ਸੋਸ਼ਲ ਮੀਡੀਆ ਅਕਾਉਂਟ ਉੱਤੇ ਸ਼ੇਅਰ ਕੀਤੀਆਂ ਗਈਆਂ ਅਤੇ ਇਸ ਮੁਲਾਕਾਤ ਨੂੰ 'ਨਵੇਂ ਸਾਲ ਦੀ ਬੇਹਦ ਖਾਸ ਸ਼ੁਰੂਆਤ' ਵਿੱਚ ਹੋਈ ਮੁਲਾਕਾਤ ਦੱਸਿਆ।

# 4 ਬੱਚਿਆਂ ਦੇ ਲਾਪਤਾ ਹੋਣ ਦੇ ਮਾਮਲੇ 'ਚ 16 ਫੌਜੀਆਂ ਨੂੰ ਹਿਰਾਸਤ 'ਚ ਲੈਣ ਦੇ ਹੁਕਮ ਜਾਰੀ



ਇਕਵਾਡੋਰ ਦੇ ਇਕ ਜੱਜ ਨੇ ਤੱਟਵਰਤੀ ਸ਼ਹਿਰ ਗੁਆਯਾਕਿਲ ਵਿਚ ਤਿੰਨ ਹਫ਼ਤੇ ਪਹਿਲਾਂ ਚਾਰ ਬੱਚਿਆਂ ਦੇ ਲਾਪਤਾ ਹੋਣ ਦੇ ਮਾਮਲੇ ਵਿਚ 16 ਫੌਜੀਆਂ ਦੀ ਗ੍ਰਿਫ਼ਤਾਰੀ ਦੇ ਹੁਕਮ ਦਿਤੇ ਹਨ। ਇਕਵਾਡੋਰ ਦੇ ਅਟਾਰਨੀ ਜਨਰਲ ਦੇ ਦਫਤਰ ਨੇ ਮੰਗਲਵਾਰ ਨੂੰ ਉਨ੍ਹਾਂ ਨੂੰ ਹਿਰਾਸਤ 'ਚ ਲੈਣ ਦੀ ਬੇਨਤੀ ਕੀਤੀ ਸੀ। ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਹਾ ਕਿ ਉਸ ਦੀ ਬੇਨਤੀ ਨੂੰ ਮਨਜ਼ੂਰ ਕਰ ਲਿਆ ਗਿਆ ਹੈ ਅਤੇ ਹਿਰਾਸਤ 'ਚ ਲਏ ਗਏ ਫ਼ੌਜੀਆਂ ਨੂੰ ਜੇਲ੍ਹ ਭੇਜ ਦਿਤਾ ਗਿਆ ਹੈ।

ਇਕਵਾਡੋਰ ਲਾਪਤਾ ਬੱਚਿਆਂ ਦੇ ਪ੍ਰਕੋਪ ਨਾਲ ਹਿੱਲ ਗਿਆ ਹੈ, ਜਿਸ ਵਿਚ ਫੌਜ ਨੂੰ ਦੇਸ਼ ਵਿਚ ਵੱਧ ਰਹੀ ਹਿੰਸਾ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਨਜਿੱਠਣ ਦਾ ਕੰਮ ਸੌਂਪਿਆ ਗਿਆ ਹੈ। 11 ਤੋਂ 15 ਸਾਲ ਦੀ ਉਮਰ ਦੇ ਚਾਰ ਲੜਕੇ ਫੁੱਟਬਾਲ ਖੇਡਣ ਗਏ ਸਨ ਅਤੇ 8 ਦਸੰਬਰ ਨੂੰ ਉਨ੍ਹਾਂ ਦੇ ਪਰਵਾਰ ਵਲੋਂ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਘਰ ਨਹੀਂ ਪਰਤੇ ਸਨ।

ਇਲਾਕੇ ਵਿਚ ਲੱਗੇ ਕੈਮਰੇ ਦੀ ਫੁਟੇਜ ਵਿਚ ਦੋਹਾਂ ਬੱਚਿਆਂ ਨੂੰ ਇਕ ਟਰੱਕ 'ਚ ਫੌਜੀ ਗਸ਼ਤ ਕਰਦੇ ਹੋਏ ਵਿਖਾਇਆ ਗਿਆ ਹੈ। ਇਕਵਾਡੋਰ ਦੀ ਫੌਜ ਨੇ ਕਿਹਾ ਕਿ ਬੱਚੇ ਉਸ ਦੀ ਹਿਰਾਸਤ ਵਿਚ ਸਨ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਗਿਆ ਕਿਉਂਕਿ ਉਹ ਲੁੱਟ ਦੀ ਕੋਸ਼ਿਸ਼ ਕਰ ਰਹੇ ਸਨ। ਫੌਜ ਨੇ ਇਹ ਵੀ ਕਿਹਾ ਕਿ ਬੱਚਿਆਂ ਨੂੰ ਹਿਰਾਸਤ ਵਿਚ ਲਏ ਜਾਣ ਤੋਂ ਬਾਅਦ ਉਸੇ ਰਾਤ ਰਿਹਾਅ ਕਰ ਦਿਤਾ ਗਿਆ ਸੀ ਅਤੇ ਉਨ੍ਹਾਂ ਦੇ ਲਾਪਤਾ ਹੋਣ ਪਿੱਛੇ ਇਕ ਗਿਰੋਹ ਦਾ ਹੱਥ ਹੋ ਸਕਦਾ ਹੈ। ਇਸ ਦੌਰਾਨ ਪਿਛਲੇ ਹਫਤੇ ਜਾਸੂਸਾਂ ਨੂੰ ਗੁਆਯਾਕਿਲ ਦੇ ਬਾਹਰੀ ਇਲਾਕੇ 'ਚ ਇਕ ਫੌਜੀ ਅੱਡੇ ਨੇੜੇ ਚਾਰ ਸੜੀਆਂ ਹੋਈਆਂ ਲਾਸ਼ਾਂ ਮਿਲੀਆਂ ਸਨ। ਜਾਂਚਕਰਤਾ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਕੋਈ ਲਾਸ਼ ਲਾਪਤਾ ਬੱਚਿਆਂ ਦੀ ਸੀ।

# 146 ਫ਼ਰਜ਼ੀ ਕੰਪਨੀਆਂ ਬਣਾ ਕੇ ਲੋਨ ਦੇਣ ਦੇ ਨਾਂ 'ਤੇ ਲੋਕਾਂ ਤੋਂ ਠੱਗੇ 68 ਹਜ਼ਾਰ ਕਰੋੜ




ਚਾਈਨੀਜ਼ ਲੋਨ ਐਪ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਦੋ ਮੁਲਜ਼ਮਾਂ ਤੋਂ ਈਡੀ ਵਲੋਂ ਕੀਤੀ ਜਾਂਚ 'ਚ ਕਈ ਅਹਿਮ ਪ੍ਰਗਟਾਵੇ ਸਾਹਮਣੇ ਆਏ ਹਨ। ਬੀਤੇ ਦਿਨੀਂ ਸਾਈਬਰ ਸੈਲ ਥਾਣਾ ਦਿੱਲੀ ਤੋਂ ਪੁਨੀਤ ਮਹੇਸ਼ਵਰੀ ਅਤੇ ਆਸ਼ੀਸ਼ ਕੱਕੜ ਨੂੰ ਗ੍ਰਿਫ਼ਤਾਰ ਕਰ ਕੇ ਲੈ ਆਈ। ਮੁਲਜ਼ਮ ਹੂਗੋ ਲੋਨ, ਕਾਇਨ ਕੈਸ਼ ਅਤੇ ਅਲੋਨ ਐਪ ਰਾਹੀਂ ਲੋਨ ਦਿਵਾਉਣ ਦੇ ਨਾਂ 'ਤੇ ਲੋਕਾਂ ਨਾਲ ਧੋਖਾਧੜੀ ਕਰਦੇ ਸਨ। ਇਨ੍ਹਾਂ ਦੋਨਾਂ ਨੇ ਫ਼ਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਭਾਰਤ ਸਮੇਤ ਸਿੰਗਾਪੁਰ, ਹਾਂਗਕਾਂਗ, ਚੀਨ ਤੇ ਥਾਈਲੈਂਡ ਵਿਚ 146 ਫ਼ਰਜ਼ੀ ਸ਼ੈਲ ਕੰਪਨੀਆਂ ਬਣਾਈਆਂ ਸਨ।

ਹੁਣ ਤੱਕ ਦੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਇਨ੍ਹਾਂ ਕੰਪਨੀਆਂ ਰਾਹੀਂ ਸਿਰਫ਼ ਤਿੰਨ ਸਾਲਾਂ 'ਚ 68 ਹਜ਼ਾਰ ਕਰੋੜ ਰੁਪਏ ਦੀ ਠੱਗੀ ਮਾਰੀ ਗਈ ਹੈ। ਹਵਾਲਾ ਦੇ ਰੂਪ 'ਚ ਇਹ ਪੈਸਾ ਬਾਹਰ ਭੇਜ ਦਿਤਾ ਗਿਆ ਸੀ। ਇਨ੍ਹਾਂ ਫ਼ਰਜ਼ੀ ਕੰਪਨੀਆਂ ਦੇ ਕਈ ਹੋਰ ਵੀ ਭਾਗੀਦਾਰ ਹਨ ਜੋ ਫ਼ਿਲਹਾਲ ਫ਼ਰਾਰ ਹਨ।

ਚੰਡੀਗੜ੍ਹ ਸਾਈਬਰ ਸੈਲ ਨੇ ਈਡੀ ਦਿੱਲੀ ਤੋਂ ਅਧਿਕਾਰਿਕ ਤੌਰ 'ਤੇ ਰਿਪੋਰਟ ਮੰਗੀ ਹੈ। ਪੁਨੀਤ ਅਤੇ ਆਸ਼ੀਸ਼ ਨੂੰ ਪਹਿਲਾਂ ਹੀ ਈਡੀ ਨੇ ਗ੍ਰਿਫ਼ਤਾਰ ਕੀਤਾ ਹੋਇਆ ਅਤੇ ਪੁਛ ਗਿਛ ਵਿਚ ਫ਼ਰਜ਼ੀ ਕੰਪਨੀਆਂ ਦੀ ਡਿਟੇਲ ਸਾਹਮਣੇ ਆਈ ਹੈ। ਇਸ ਮਾਮਲੇ 'ਚ ਮੁਲਜ਼ਮ ਅਸ਼ੀਸ਼ ਦੀ ਅਕਤੂਬਰ 'ਚ ਜ਼ਮਾਨਤ ਹੋਈ ਸੀ ਤੇ ਪੁਨੀਤ ਦਸੰਬਰ ਵਿਚ ਜੇਲ ਤੋਂ ਬਾਹਰ ਆਇਆ। ਹੁਣ ਤਕ ਡੀਜੀਪੀ ਸੁਰਿੰਦਰ ਸਿੰਘ ਯਾਦਵ ਦੀ ਇਸ ਕੇਸ ਦੇ ਵਿਚ ਨਜ਼ਰ ਬਣੀ ਹੋਈ ਹੈ। ਦਸਣਯੋਗ ਹੈ ਕਿ ਅਗੱਸਤ 2021 ਵਿਚ ਇਹ ਮਾਮਲਾ ਸਾਹਮਣੇ ਆਇਆ ਸੀ। ਜਿਸ ਵਿਚ ਬਾਂਗ ਚਿੰਗੋਆ ਨੂੰ ਇਸ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ ਤਾਂ ਉਸ ਕੋਲੋਂ ਪੁਛ ਗਿਛ ਕਰਨ ਮਗਰੋਂ ਇਹ ਸਾਰਾ ਮਾਮਲਾ ਸਾਹਮਣੇ ਆਇਆ ਸੀ।

# ਫੈਜ਼ਲ ਜੱਟ ਕੌਣ ਹੈ? ਜਿਸ ਦਾ ਅਨਕਾਊਂਟਰ ਕਰਨ ਲਈ 18 ਘੰਟੇ ਲੱਗੇ

## 700 ਪੁਲਿਸ ਵਾਲਿਆਂ ਨੇ 40 ਹਜ਼ਾਰ ਤੋਂ ਵੱਧ ਤਾੜ-ਤਾੜ ਚਲਾਈਆਂ ਗੋਲੀਆਂ





ਬੀਤੇ ਕਈ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਫੈਜ਼ਲ ਜੱਟ ਹੰਜ ਦੀ ਇੱਕ ਵੀਡੀਉ ਕਾਫ਼ੀ ਵਾਇਰਲ ਹੋ ਰਹੀ ਹੈ, ਜਿਸ ਵਿਚ ਫ਼ੈਜ਼ਲ ਜੱਟ ਨੂੰ ਲਗਭਗ 18 ਘੰਟੇ ਚੱਲੇ ਮੁਕਾਬਲੇ ਮਗਰੋਂ ਮਾਰ ਦਿਤਾ ਗਿਆ। ਵੀਡੀਉ 'ਚ ਇਕ ਘਰ 'ਤੇ ਅੰਨੇਵਾਹ ਗੋਲ਼ੀਆਂ ਹੀ ਗੋਲੀਆਂ ਵੱਜਦੀਆਂ ਦਿਖਾਈ ਦਿੰਦੀਆਂ ਹਨ। ਇਹ ਕੋਈ ਫ਼ਿਲਮੀ ਸੀਨ ਨਹੀਂ ਸੀ ਬਲਕਿ ਗੁਆਂਢੀ ਦੇਸ਼ ਪਾਕਿਸਤਾਨ ਦੇ ਸ਼ਹਿਰ ਗੁਜਰਾਤ ਦੀ ਪੁਲਿਸ ਵਲੋਂ ਇਹ ਐਨਕਾਊਂਟਰ ਕੀਤਾ ਜਾ ਰਿਹਾ ਸੀ। ਗੁਜਰਾਤ ਲਹਿੰਦੇ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਸ ਮੁਕਾਬਲੇ ਲਈ 700 ਪੁਲਿਸ ਦੇ ਮੁਲਾਜ਼ਮਾਂ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਇਸ ਦੌਰਾਨ ਹੈਲੀਕਾਪਟਰ ਰਾਹੀਂ ਤਾੜ-ਤਾੜ ਕਈ ਘੰਟੇ ਗੋਲੀਆਂ ਚਲਾਈਆਂ ਗਈਆਂ।

ਦਰਅਸਲ ਫ਼ੈਜ਼ਲ ਜੱਟ ਇਕ ਨਸ਼ਾ ਤਸਕਰ ਸੀ, ਦੱਸਿਆ ਜਾਂਦਾ ਹੈ ਕਿ ਉਸ ਨੂੰ ਪੁਲਿਸ ਵਲੋਂ ਪਹਿਲਾਂ ਵੀ ਕਈ ਵਾਰ ਫੜਿਆ ਗਿਆ ਸੀ। ਬੀਤੇ ਦਿਨੀਂ ਲਹਿੰਦੇ ਪੰਜਾਬ ਦੀ ਪੁਲਿਸ ਨੇ ਇਕ ਘਰ 'ਤੇ ਛਾਪੇਮਾਰੀ ਕੀਤੀ ਸੀ। ਉਸ ਘਰ ਵਿਚ ਫੈਜ਼ਲ ਜੱਟ ਅਤੇ ਉਸ ਦਾ ਭਤੀਜਾ ਮੌਜੂਦ ਸੀ। 18 ਘੰਟੇ ਇਹ ਮੁਕਾਬਲਾ ਚੱਲਿਆ, ਜਿਸ ਦੌਰਾਨ ਪੁਲਿਸ ਵਲੋਂ 40 ਹਜ਼ਾਰ ਤੋਂ ਵੱਧ ਗੋਲੀਆਂ ਚਲਾਈਆਂ ਗਈਆਂ। ਇਸ ਅੰਨੇਵਾਹ ਗੋਲੀਆਂ ਨੇ ਲੋਕਾਂ ਦੇ ਕੰਨ ਬੋਲੇ ਕਰ ਦਿਤੇ। ਮੁਕਾਬਲੇ ਤੋਂ ਬਾਅਦ ਘਰ ਦੀ ਹਰ ਕੰਧ 'ਤੇ ਅਤੇ ਛੱਤ 'ਤੇ ਗੋਲੀਆਂ ਹੀ ਗੋਲੀਆਂ ਵੱਜੀਆਂ ਦਿਖਾਈ ਦੇ ਰਹੀਆਂ ਹਨ।

ਮੁਕਾਬਲੇ ਦੌਰਾਨ ਫੈਜ਼ਲ ਜੱਟ ਦੀ ਇਕ ਗੱਲ ਕਾਫੀ ਵਾਇਰਲ ਹੋ ਰਹੀ ਹੈ ਜੋ ਉਸ ਵਲੋਂ ਆਖਰੀ ਸਮੇਂ ਬੋਲਿਆ ਦਸਿਆ ਜਾ ਰਿਹਾ ਕਿ 'ਜੇ ਨੱਸ ਗਿਆ ਤਾਂ ਜੱਟ ਨਾ ਆਖਿਓ'। ਦੂਜੀ ਗੱਲ ਉਸ ਇਹ ਆਖੀ ਕਿ ਜਿਹੜਾ ਪੁਲਿਸ ਵਾਲਾ ਰਿਸ਼ਵਤ ਲੈਂਦਾ ਹੈ ਉਹ ਕਦੇ ਸ਼ਹੀਦ ਨਹੀਂ ਹੁੰਦਾ।

ਫੈਜ਼ਲ ਦੀ ਘਰਵਾਲੀ ਦਾ ਕਹਿਣਾ ਹੈ ਕਿ ਪੁਲਿਸ ਪਹਿਲਾਂ ਵੀ ਉਨ੍ਹਾਂ ਦੇ ਘਰ ਆਉਂਦੀ ਸੀ ਅਤੇ ਪੈਸੇ ਲੈ ਕੇ ਚਲੇ ਜਾਂਦੀ ਸੀ। ਪਰ ਹੁਣ ਪੈਸੇ ਨਹੀਂ ਦਿਤੇ ਤਾਂ ਉਨ੍ਹਾਂ ਨੇ ਫੈਜ਼ਲ ਨੂੰ ਮੁਕਾਬਲੇ 'ਚ ਮਾਰ ਦਿਤਾ। ਦੱਸ ਦੇਈਏ ਕਿ ਫੈਜ਼ਲ ਜੱਟ ਦੇ ਦੋ ਵਿਆਹ ਹੋਏ ਸੀ। ਉਸ ਦੇ ਬੱਚੇ ਵੀ ਹਨ।

18 ਤੋਂ 19 ਦਸੰਬਰ 2024 ਸਵੇਰੇ 7 ਵਜੇ ਤੱਕ ਚੱਲੇ ਮੁਕਾਬਲੇ 'ਚ ਸੈਂਕੜੇ ਗੋਲੀਆਂ ਅਤੇ ਦਰਜਨਾਂ ਅੱਥਰੂ ਗੈਸ ਦੇ ਗੋਲੇ ਅਤੇ ਗ੍ਰਨੇਡਾਂ ਦੀ ਵਰਤੋਂ ਕੀਤੀ ਗਈ। ਇਥੋਂ ਤੱਕ ਕਿ ਪਿੰਡ ਹੰਜ 'ਚ ਪਾਕਿਸਤਾਨ ਇਲੀਟ ਫੋਰਸ ਨੂੰ ਹੈਲੀਕਾਪਟਰ ਤੱਕ ਲਿਆਉਣੇ ਪਏ। ਕਰੀਬ 18 ਘੰਟੇ ਚੱਲੇ ਪੁਲਿਸ ਮੁਕਾਬਲੇ ਤੋਂ ਬਾਅਦ ਗੋਲੀਬਾਰੀ ਰੁਕਦਿਆਂ ਹੀ ਪੁਲਿਸ ਨੂੰ ਘਰ ਵਿਚੋਂ ਚਾਰ ਲਾਸ਼ਾਂ ਕੱਢੀਆਂ। ਜਿਨ੍ਹਾਂ ਦੀ ਪਛਾਣ ਫੈਜ਼ਲ, ਉਸ ਦੇ 20 ਸਾਲ ਦੇ ਭਤੀਜੇ ਸਫੀਉਰ ਰਹਿਮਾਨ ਅਤੇ ਦੋ ਸਾਥੀਆਂ ਨਵੀਦ ਅਖਤਰ (24) ਵਾਸੀ ਖਵਾਸਪੁਰ ਅਤੇ ਨੋਮੀ (30) ਵਜੋਂ ਹੋਈ।

# UAE 'ਚ ਭਾਰਤੀ ਮੂਲ ਦੇ ਡਾਕਟਰ ਸਮੇਤ ਦੋ ਲੋਕਾਂ ਦੀ ਮੌਤ





ਪੰਜਾਬ ਸਟਾਰ ਬਿਊਰੋ

ਸੰਯੁਕਤ ਅਰਬ ਅਮੀਰਾਤ 'ਚ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਇਸ ਹਾਦਸੇ ਵਿੱਚ ਭਾਰਤੀ ਮੂਲ ਦੇ 26 ਸਾਲਾ ਭਾਰਤੀ ਡਾਕਟਰ ਸੁਲੇਮਾਨ ਅਲ ਮਜੀਦ ਅਤੇ 29 ਸਾਲਾ ਪਾਕਿਸਤਾਨੀ ਮਹਿਲਾ ਪਾਇਲਟ ਦੀ ਮੌਤ ਹੋ ਗਈ। ਇਹ ਘਟਨਾ ਰਾਸ ਅਲ-ਖੈਮਾਹ ਅਮੀਰਾਤ ਦੇ ਤੱਟ 'ਤੇ ਵਾਪਰੀ।

ਰਿਪੋਰਟ ਮੁਤਾਬਕ ਡਾਕਟਰ ਸੁਲੇਮਾਨ ਨੇ ਇਹ ਜਹਾਜ਼ ਸੈਰ-ਸਪਾਟੇ ਲਈ ਕਿਰਾਏ 'ਤੇ ਲਿਆ ਸੀ। ਇਸ ਉਡਾਣ ਨੂੰ ਦੇਖਣ ਲਈ ਏਵੀਏਸ਼ਨ ਕਲੱਬ ਵਿੱਚ ਡਾਕਟਰ ਸੁਲੇਮਾਨ ਦੇ ਦਾਦਾ ਜੀਦ ਮੁਕਰਰਮ ਅਤੇ ਪਰਿਵਾਰਕ ਮੈਂਬਰ ਮੌਜੂਦ ਸਨ। ਪਹਿਲਾਂ ਪਰਿਵਾਰ ਨੂੰ ਦੱਸਿਆ ਗਿਆ ਸੀ ਕਿ ਗਲਾਈਡਰ ਨਾਲ ਰੇਡੀਓ ਸੰਪਰਕ ਟੁੱਟ ਗਿਆ ਸੀ। ਬਾਅਦ ਵਿੱਚ ਉਨ੍ਹਾਂ ਨੂੰ ਦੱਸਿਆ ਗਿਆ ਕਿ ਜਹਾਜ਼ ਨੇ ਐਮਰਜੈਂਸੀ ਲੈਂਡਿੰਗ ਕੀਤੀ ਹੈ। ਜਦੋਂ ਅਸੀਂ ਹਸਪਤਾਲ ਪਹੁੰਚੇ ਤਾਂ ਸਾਨੂੰ ਪਤਾ ਲੱਗਾ ਕਿ ਦੋਵੇਂ ਗੰਭੀਰ ਜ਼ਖ਼ਮੀ ਹਨ ਅਤੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੋਵਾਂ ਨੂੰ ਹਸਪਤਾਲ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ। ਦੱਸ ਦੇਈਏ ਕਿ ਜਹਾਜ਼ ਐਤਵਾਰ ਦੁਪਹਿਰ ਕਰੀਬ 2 ਵਜੇ ਕੋਵ ਰੋਟਾਨਾ ਹੋਟਲ ਦੇ ਕੋਲ ਬੀਚ ਦੇ ਨੇੜੇ ਟੇਕਆਫ ਤੋਂ ਥੋੜ੍ਹੀ ਦੇਰ ਬਾਅਦ ਹਾਦਸਾਗ੍ਰਸਤ ਹੋ ਗਿਆ।

ਹਾਦਸੇ ਵਿੱਚ ਜਾਨ ਗਵਾਉਣ ਵਾਲੇ ਡਾਕਟਰ ਸੁਲੇਮਾਨ ਅਲ ਮਜੀਦ ਯੂ.ਕੇ ਵਿੱਚ ਕਾਉਂਟੀ ਡਰਹਮ ਅਤੇ ਡਾਰਲਿੰਗਟਨ ਐਨ.ਐਚ.ਐਸ ਫਾਉਂਡੇਸ਼ਨ ਟਰੱਸਟ ਵਿੱਚ ਕੰਮ ਕਰ ਰਹੇ ਸਨ। ਡਾਕਟਰ ਸੁਲੇਮਾਨ ਦਾ ਅੰਤਿਮ ਸੰਸਕਾਰ ਐਤਵਾਰ ਸ਼ਾਮ ਨੂੰ ਅਲ ਘੁਸੈਸ ਕਬਰਸਤਾਨ ਵਿੱਚ ਕੀਤਾ ਗਿਆ। ਯੂ.ਏ.ਈ ਏਵੀਏਸ਼ਨ ਅਥਾਰਟੀ ਨੇ ਇਸ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਡਾ. ਸੁਲੇਮਾਨ ਬ੍ਰਿਟਿਸ਼ ਮੈਡੀਕਲ ਭਾਈਚਾਰੇ ਵਿੱਚ ਆਪਣੀ ਸਰਗਰਮੀ ਲਈ ਜਾਣੇ ਜਾਂਦੇ ਸਨ। ਉਹ ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ ਦੀ ਉੱਤਰੀ ਨਿਵਾਸੀ ਡਾਕਟਰਾਂ ਦੀ ਕਮੇਟੀ ਦੇ ਆਨਰੇਰੀ ਸਕੱਤਰ ਅਤੇ ਬਾਅਦ ਵਿੱਚ ਸਹਿ-ਚੇਅਰਮੈਨ ਸਨ। ਉਨ੍ਹਾਂ ਜੂਨੀਅਰ ਡਾਕਟਰਾਂ ਦਾ ਨਾਂ ਬਦਲ ਕੇ ਰੈਜ਼ੀਡੈਂਟ ਡਾਕਟਰ ਕਰਨ ਦੀ ਮੁਹਿੰਮ ਵੀ ਚਲਾਈ। ਸੁਲੇਮਾਨ ਨੇ ਯੂ.ਕੇ ਵਿੱਚ ਮੈਡੀਕਲ ਪੇਸ਼ੇਵਰਾਂ ਲਈ ਤਨਖਾਹ ਬਹਾਲ ਕਰਨ ਦੀ ਵੀ ਜ਼ੋਰਦਾਰ ਵਕਾਲਤ ਕੀਤੀ।

# ਪੰਜਾਬ ਅਤੇ ਹਰਿਆਣਾ ਨੂੰ ਸੀਤ ਲਹਿਰ ਨੇ ਜਕੜਿਆ

ਚੰਡੀਗੜ੍ਹ : ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਸਣੇ ਪੂਰੇ ਉੱਤਰੀ ਭਾਰਤ ਵਿੱਚ ਸਾਲ 2025 ਦੇ ਪਹਿਲੇ ਦਿਨ ਹੀ ਸੀਤ ਲਹਿਰ ਕਰਕੇ ਠੰਢ ਨੇ ਜ਼ੋਰ ਫੜ ਲਿਆ ਹੈ। ਇੱਥੇ ਲਗਾਤਾਰ ਡਿੱਗ ਰਹੇ ਤਾਪਮਾਨ ਨੇ ਲੋਕਾਂ ਨੂੰ ਦਿਨ ਭਰ ਕੰਬਣੀ ਛੇੜੀ ਰੱਖੀ। ਅੱਜ ਪੰਜਾਬ ਤੇ ਹਰਿਆਣਾ ਵਿੱਚ ਦਿਨ ਭਰ ਸੂਰਜ ਵੀ ਮੱਧਮ ਹੀ ਨਿਕਲਿਆ, ਉੱਧਰ ਚੱਲ ਰਹੀਆਂ ਠੰਢੀਆਂ ਹਵਾਵਾਂ ਨੇ ਜਨ-ਜੀਵਨ ਪ੍ਰਭਾਵਿਤ ਕਰ ਦਿੱਤਾ। ਮੌਸਮ ਵਿਭਾਗ ਅਨੁਸਾਰ ਅੱਜ ਪੰਜਾਬ ਦਾ ਬਠਿੰਡਾ ਤੇ ਹਰਿਆਣਾ ਦਾ ਸਿਰਸਾ ਸ਼ਹਿਰ ਸਭ ਤੋਂ ਠੰਢਾ ਰਿਹਾ। ਬਠਿੰਡਾ ਵਿੱਚ ਘੱਟ ਤੋਂ ਘੱਟ ਤਾਪਮਾਨ 4.4 ਡਿਗਰੀ ਸੈਲਸੀਅਸ ਅਤੇ ਸਿਰਸਾ ਵਿੱਚ ਘੱਟ ਤੋਂ ਘੱਟ ਤਾਪਮਾਨ 3.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਗਿਆਨੀਆਂ ਨੇ ਪੰਜਾਬ ਤੇ ਹਰਿਆਣਾ ਵਿੱਚ ਅਗਲੇ ਦੋ ਦਿਨ 2 ਤੇ 3 ਜਨਵਰੀ ਤੱਕ ਸੰਘਣੀ ਧੁੰਦ ਤੇ ਜ਼ੋਰ ਦੀ ਠੰਢ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਦੌਰਾਨ ਤਾਪਮਾਨ ਵਿੱਚ 2 ਤੋਂ 4 ਡਿਗਰੀ ਸੈਲਸੀਅਸ ਤੱਕ ਦੀ ਗਿਰਾਵਟ ਦਰਜ ਕੀਤੀ ਜਾਵੇਗੀ। ਇਨ੍ਹਾਂ ਦਿਨਾਂ ਵਿੱਚ ਪੈ ਰਹੀ ਧੁੰਦ ਤੇ ਸੀਤ ਲਹਿਰ ਕਣਕ ਦੀ ਫ਼ਸਲ ਲਈ ਲਾਹੇਵੰਦ ਦੱਸੀ ਜਾ ਰਹੀ ਹੈ, ਜਿਸ ਕਰਕੇ ਕਿਸਾਨਾਂ ਦੇ ਚਿਹਰੇ ਖਿੜੇ ਪਏ ਹਨ।

BUYING OR SELLING
LET US HELP YOU!
INCOME GENERATING INVESTMENT PROPERTIES
Simrat Grewal
Sales Representative
416-414-2878
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Realtor ਲੱਭ ਰਹੇ ਹੋ?
Call SIMRAT GREWAL 416-414-2878
Call RAJINDER SAMRA 416-300-8383
WE CAN HELP YOU FIND YOUR DREAM HOME IN
WATERLOO REGION:
Cambridge, Kitchener, Waterloo & Guelph Area
PEEL REGION:
Mississauga, Brampton, Caledon
BLUE ROSE REALTY INC. BROKERAGE
905-208-1111

ਟਰੱਕ ਯਾਰਡ ਜਾਂ ਹੋਟਲ, ਮੋਟਲ, ਲੈਂਡ, ਜਾਂ ਪਲਾਜਾ ਖਰੀਦਣ ਵੇਚਣ ਲਈ ਸੰਪਰਕ ਕਰੋ
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਸੀਅਲ ਤੇ ਕਮਰਸ਼ੀਅਲ ਪ੍ਰੋਪਰਟੀ ਖਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ
HOMELIFE SILVERCITY REALTY INC. BROKERAGE
HIGHER STANDARDS
Contact for all your residential & commercial real estate services
ਬਲਜਿੰਦਰ ਸਰਾ
Salesperson
416-509-6200
www.baljindersekha.com

STUDENT VISA
Fulfill your dreams in CANADA
* Study Permits
* Express Entry
* PNP * Spousal Category
* Fast Admission Process
* Top Ranking Colleges/Universities
* Min. Qualification Grade 12 (+2)
* Low service Charges
ਅਸੀਂ LMIA ਲੈਣ ਵਿੱਚ ਵੀ ਮਦਦ ਕਰਦੇ ਹਾਂ
ICC CANADA IMMIGRATION SOLUTIONS INC.
Ripudaman Dhillon
Manu Datta
Ph:- 905-461-2424
iccrc crcic
#1137 Derry Road East, Mississauga, ON. L5T 1P3 Email:- info@iccimmigration.ca

# ਗਾਜ਼ਾ 'ਤੇ ਹੋਏ ਇਜ਼ਰਾਈਲੀ ਹਮਲਿਆਂ 'ਚ ਔਰਤਾਂ ਤੇ ਬੱਚਿਆਂ ਸਣੇ 12 ਫਲਸਤੀਨੀਆਂ ਦੀ ਮੌਤ



ਦੀਰ ਅਲ-ਬਲਾਹ : ਗਾਜ਼ਾ ਪੱਟੀ 'ਤੇ ਇਜ਼ਰਾਇਲੀ ਹਮਲੇ 'ਚ ਘੱਟ ਤੋਂ ਘੱਟ 12 ਫਲਸਤੀਨੀਆਂ, ਜਿਨ੍ਹਾਂ 'ਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ, ਮਾਰੇ ਗਏ ਹਨ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਕਰੀਬ 15 ਮਹੀਨਿਆਂ ਤੋਂ ਚੱਲ ਰਿਹਾ ਇਹ ਯੁੱਧ ਨਵੇਂ ਸਾਲ ਮੌਕੇ ਵੀ ਜਾਰੀ ਹੈ ਤੇ ਫਿਲਹਾਲ ਇਸ ਦੇ ਖਤਮ ਹੋਣ ਦੇ ਕੋਈ ਸੰਕੇਤ ਨਹੀਂ ਹਨ। ਇੱਕ ਹਮਲਾ ਉੱਤਰੀ ਗਾਜ਼ਾ ਦੇ ਜਬਾਲੀਆ ਇਲਾਕੇ ਵਿੱਚ ਇੱਕ ਘਰ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ, ਜੋ ਕਿ ਖੇਤਰ ਦਾ ਤਬਾਹ ਹੋ ਚੁੱਕਿਆ ਹਿੱਸਾ ਹੈ, ਜਿੱਥੇ ਇਜ਼ਰਾਈਲ ਅਕਤੂਬਰ ਦੇ ਸ਼ੁਰੂ ਤੋਂ ਇੱਕ ਵੱਡੀ ਮੁਹਿੰਮ ਚਲਾ ਰਹੇ ਹਨ।

ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਹਮਲੇ 'ਚ ਇੱਕ ਔਰਤ ਤੇ ਚਾਰ ਬੱਚਿਆਂ ਸਮੇਤ ਸੱਤ ਲੋਕ ਮਾਰੇ ਗਏ ਤੇ ਘੱਟੋ-ਘੱਟ ਇੱਕ ਦਰਜਨ ਹੋਰ ਜ਼ਖ਼ਮੀ ਹੋ ਗਏ। ਅਲ-ਅਕਸਾ ਸ਼ੋਹਦਾ ਹਸਪਤਾਲ ਦੇ ਅਨੁਸਾਰ, ਮੱਧ ਗਾਜ਼ਾ ਦੇ ਬੁਰੀਜ ਸ਼ਰਨਾਰਥੀ ਕੈਂਪ 'ਚ ਰਾਤ ਭਰ ਇੱਕ ਹੋਰ ਹਮਲੇ 'ਚ ਇੱਕ ਔਰਤ ਤੇ ਇੱਕ ਬੱਚੇ ਦੀ ਮੌਤ ਹੋ ਗਈ। ਫੌਜ ਨੇ ਲੋਕਾਂ ਨੂੰ ਰਾਤੋ-ਰਾਤ ਬੁਰੀਜ ਦੇ ਨੇੜੇ ਇੱਕ ਖੇਤਰ ਖਾਲੀ ਕਰਨ ਦਾ ਆਦੇਸ਼ ਦਿੱਤਾ ਅਤੇ ਕਿਹਾ ਕਿ ਉਹ ਫਿਲਸਤੀਨੀ ਅੱਤਵਾਦੀਆਂ ਦੁਆਰਾ ਹਾਲ ਹੀ 'ਚ ਕੀਤੇ ਗਏ ਰਾਕੇਟ ਹਮਲੇ ਦੇ ਜਵਾਬ 'ਚ ਉੱਥੇ ਹਮਲਾ ਕਰੇਗੀ। ਨਸੇਰ ਹਸਪਤਾਲ ਅਤੇ ਯੂਰਪੀਅਨ ਹਸਪਤਾਲ ਦੇ ਅਨੁਸਾਰ, ਇੱਕ ਤੀਜਾ ਹਮਲਾ ਦੱਖਣੀ ਸ਼ਹਿਰ ਖਾਨ ਯੂਨਿਸ 'ਚ ਬੁੱਧਵਾਰ ਤੜਕੇ ਹੋਇਆ, ਜਿਸ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ। ਇਹ ਯੁੱਧ ਉਦੋਂ ਸ਼ੁਰੂ ਹੋਇਆ ਜਦੋਂ ਹਮਾਸ ਦੇ ਕੱਟੜਪੰਥੀਆਂ ਨੇ 7 ਅਕਤੂਬਰ 2023 ਨੂੰ ਦੱਖਣੀ ਇਜ਼ਰਾਈਲ 'ਤੇ ਹਮਲਾ ਕੀਤਾ, ਜਿਸ 'ਚ 1200 ਲੋਕ ਮਾਰੇ ਗਏ ਅਤੇ ਲਗਭਗ 250 ਲੋਕਾਂ ਨੂੰ ਅਗਵਾ ਕਰ ਲਿਆ ਗਿਆ। ਕਰੀਬ 100 ਲੋਕ ਅਜੇ ਵੀ ਹਮਾਸ ਦੇ ਹੱਥੋਂ ਬੰਧਕ ਹਨ।

ਗਾਜ਼ਾ ਦੇ ਸਿਹਤ ਮੰਤਰਾਲੇ ਮੁਤਾਬਕ ਇਜ਼ਰਾਇਲੀ ਹਵਾਈ ਤੇ ਜ਼ਮੀਨੀ ਹਮਲਿਆਂ 'ਚ 45,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ। ਮੰਤਰਾਲੇ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਵਿੱਚ ਅੱਧੇ ਤੋਂ ਵੱਧ ਔਰਤਾਂ ਅਤੇ ਬੱਚੇ ਹਨ, ਪਰ ਇਹ ਨਹੀਂ ਦੱਸਿਆ ਗਿਆ ਹੈ ਕਿ ਮਾਰੇ ਗਏ ਲੋਕਾਂ 'ਚੋਂ ਕਿੰਨੇ ਕੱਟੜਪੰਥੀ ਸਨ। ਇਜ਼ਰਾਈਲੀ ਫੌਜ ਦਾ ਕਹਿਣਾ ਹੈ ਕਿ ਉਹ ਸਿਰਫ ਕੱਟੜਪੰਥੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਅਤੇ ਨਾਗਰਿਕਾਂ ਦੀ ਮੌਤ ਲਈ ਹਮਾਸ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਫੌਜ ਨੇ ਦਾਅਵਾ ਕੀਤਾ ਹੈ ਕਿ ਹਮਾਸ ਦੇ ਲੜਾਕੇ ਸੰਘਣੇ ਰਿਹਾਇਸ਼ੀ ਇਲਾਕਿਆਂ ਤੋਂ ਹਮਲੇ ਕਰਦੇ ਹਨ। ਫੌਜ ਦਾ ਕਹਿਣਾ ਹੈ ਕਿ ਉਸਨੇ 17,000 ਅੱਤਵਾਦੀਆਂ ਨੂੰ ਮਾਰ ਦਿੱਤਾ ਹੈ, ਪਰ ਇਸ ਦਾ ਕੋਈ ਸਬੂਤ ਨਹੀਂ ਦਿੱਤਾ ਹੈ।

# ਐਲੋਨ ਮਸਕ ਵੱਲੋਂ ਐੱਚ-1ਬੀ ਵੀਜ਼ਾ ਪ੍ਰੋਗਰਾਮ 'ਤੇ 'ਵੱਡੇ ਸੁਧਾਰਾਂ' ਦੀ ਮੰਗ

ਵਾਸ਼ਿੰਗਟਨ : ਐੱਚ-1ਬੀ ਵੀਜ਼ਾ ਪ੍ਰੋਗਰਾਮ ਦੇ ਬਚਾਅ 'ਚ 'ਕਿਸੇ ਵੀ ਹੱਦ ਤੱਕ ਜਾਣ' ਦਾ ਸੰਕਲਪ ਲੈਣ ਵਾਲੇ ਟੈਕਨਾਲੋਜੀ ਅਰਬਪਤੀ ਐਲੋਨ ਮਸਕ ਨੇ ਇਸ ਮੁੱਦੇ 'ਤੇ ਆਪਣਾ ਰੁਖ ਨਰਮ ਕਰਦੇ ਹੋਏ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਲਿਆਉਣ ਲਈ ਇਸਤੇਮਾਲ ਕੀਤੀ ਜਾਣ ਵਾਲੀ ਨੁਕਸਦਾਰ ਪ੍ਰਣਾਲੀ ਵਿਚ ਸੁਧਾਰ ਦੀ ਮੰਗ ਕੀਤੀ ਹੈ। ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮਸਕ ਅਤੇ ਭਾਰਤੀ-ਅਮਰੀਕੀ ਤਕਨਾਲੋਜੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੂੰ ਆਪਣੇ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੈਂਸੀ (ਧੌਘਓ) ਦੀ ਅਗਵਾਈ ਕਰਨ ਲਈ ਚੁਣਿਆ ਹੈ। ਪਿਛਲੇ ਹਫ਼ਤੇ ਮਸਕ ਨੇ ਦਲੀਲ ਦਿੱਤੀ ਸੀ ਕਿ ਸਪੇਸਐਕਸ ਅਤੇ ਟੇਸਲਾ ਵਰਗੀਆਂ ਤਕਨੀਕੀ ਕੰਪਨੀਆਂ ਨੂੰ ਵਿਦੇਸ਼ੀ ਕਰਮਚਾਰੀਆਂ ਦੀ ਲੋੜ ਹੈ। ਮਸਕ ਨੇ ਪਿਛਲੇ ਹਫਤੇ ਐਕਸ 'ਤੇ ਲਿਖਿਆ ਸੀ, 'ਮੈਂ ਉਨ੍ਹਾਂ ਬਹੁਤ ਸਾਰੇ ਮਹੱਤਵਪੂਰਨ ਲੋਕਾਂ ਨਾਲ ਅਮਰੀਕਾ ਵਿਚ ਹਾਂ, ਜਿਨ੍ਹਾਂ ਨੇ ਅਮਰੀਕਾ ਨੂੰ ਮਜ਼ਬੂਤ ਬਣਾਉਣ ਵਾਲੀ ਸਪੇਸਐਕਸ, ਟੇਸਲਾ ਅਤੇ ਸੈਂਕੜੇ ਹੋਰ ਕੰਪਨੀਆਂ ਜਾ ਨਿਰਮਾਣ ਕੀਤਾ ਹੈ, ਇਸ ਦਾ ਕਾਰਨ ਐੱਚ-1ਬੀ ਹੈ।' ਮਸਕ ਨੇ ਇਕ 'ਐਕਸ' ਯੂਜ਼ਰ ਦੀ ਪੋਸਟ ਦੇ ਜਵਾਬ ਵਿਚ ਆਪਣੇ ਪਹਿਲੇ ਬਿਆਨ ਨੂੰ ਵਾਪਸ ਲੈ ਲਿਆ, ਜਿਸ ਵਿਚ ਕਿਹਾ ਗਿਆ ਸੀ ਕਿ ਅਮਰੀਕਾ ਨੂੰ ਦੁਨੀਆਂ ਦੀ "ਸਰਬੋਤਮ ਪ੍ਰਤਿਭਾ" ਲਈ ਇੱਕ ਮੰਜ਼ਿਲ ਬਣਨਾ ਚਾਹੀਦਾ ਹੈ, ਪਰ ਦਲੀਲ ਦਿੱਤੀ ਕਿ ਮੌਜੂਦਾ ਐੱਚ-1ਬੀ ਪ੍ਰਣਾਲੀ ਇਸ ਦਾ ਹੱਲ ਨਹੀਂ ਹੈ। ਮਸਕ ਨੇ ਐਤਵਾਰ ਨੂੰ ਐਕਸ 'ਤੇ ਇਕ ਪੋਸਟ ਵਿਚ ਕਿਹਾ, 'ਇਹ ਘੱਟੋ-ਘੱਟ ਉਜਰਤ ਵਿਚ ਮਹੱਤਵਪੂਰਨ ਵਾਧਾ ਕਰਕੇ ਅਤੇ ਐੱਚ-1ਬੀ ਨੂੰ ਬਣਾਈ ਰੱਖਣ ਲਈ ਸਾਲਾਨਾ ਲਾਗਤ ਜੋੜ ਕੇ ਇਸ ਨੂੰ ਆਸਾਨੀ ਨਾਲ ਠੀਕ ਕੀਤਾ ਜਾ ਸਕਦਾ ਹੈ, ਜਿਸ ਨਾਲ ਘਰੇਲੂ ਪੱਧਰ ਦੀ ਤੁਲਨਾ 'ਚ ਵਿਦੇਸ਼ਾਂ ਵਿਚ ਭਰਤੀ ਕਰਨਾ ਜ਼ਿਆਦਾ ਮਹਿੰਗਾ ਹੋ ਜਾਵੇਗਾ।

# ਫ਼ੈਡਰਲ ਸਰਕਾਰ ਵੱਲੋਂ ਪ੍ਰੋਵਿੰਸਾਂ/ਟੈਰੀਟਰੀਆਂ ਨੂੰ ਦਿੱਤੇ ਜਾਣ ਵਾਲੇ ਫ਼ੰਡਾਂ ਬਾਰੇ ਜਾਣਕਾਰੀ ਦੇ ਨਾਲ ਐੱਮ ਪੀ ਸੋਨੀਆ ਸਿੱਧੂ ਵੱਲੋਂ ਨਵੇਂ ਸਾਲ ਲਈ ਸ਼ੁਭ-ਸੁਨੇਹਾ



ਬਰੈਂਪਟਨ, - ਅਸੀਂ ਨਵੇਂ ਸਾਲ 'ਚ ਕਦਮ ਰੱਖ ਰਹੇ ਹਾਂ। ਇਸ ਨਵੇਂ ਸਾਲ 2025 ਨੂੰ 'ਜੀ-ਆਇਆਂ' ਕਹਿੰਦਿਆਂ ਹੋਇਆਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਸਮੂਹ ਕੈਨੇਡਾ-ਵਾਸੀਆਂ ਨਾਲ ਸ਼ੁਭ-ਇੱਛਾਵਾਂ ਸਾਂਝੀਆਂ ਕੀਤੀਆਂ। ਇਸ ਦੇ ਨਾਲ ਹੀ ਉਨ੍ਹਾਂ ਨੇ ਸਾਲ 2024 ਦੌਰਾਨ ਕੈਨੇਡਾ ਨੂੰ ਹੋਰ ਮਜ਼ਬੂਤ ਬਨਾਉਣ ਸਰਕਾਰ ਵੱਲੋਂ ਆਰੰਭੇ ਗਏ ਨਵੇਂ ਪ੍ਰੋਗਰਾਮਾਂ ਬਾਰੇ ਜ਼ਿਕਰ ਕਰਦਿਆਂ ਕਿਹਾ, "ਪਿਛਲੇ ਸਾਲ ਦੌਰਾਨ ਸਾਡੀ ਸਰਕਾਰ ਨੇ ਕਈ ਨਵੀਆਂ ਸ਼ੁਲਾਂਘਾਂ ਪੁੱਟੀਆਂ ਹਨ। ਨੈਸ਼ਨਲ ਫ਼ਾਰਮਾਕੇਅਰ ਪ੍ਰੋਗਰਾਮ, ਲੋਕਾਂ ਲਈ ਕਿਫ਼ਾਇਤੀ ਘਰ ਬਨਾਉਣ ਲਈ ਕੀਤਾ ਗਿਆ ਪੂੰਜੀ-ਨਿਵੇਸ਼ ਅਤੇ ਛੋਟੇ ਕਾਰੋਬਾਰਾਂ ਦੀ ਸਹਾਇਤਾ ਇਸ ਦੀਆਂ ਕੁਝ ਕੁ ਉਦਾਹਰਣਾਂ ਹਨ ਜੋ ਇਹ ਦਰਸਾਉਂਦੀਆਂ ਹਨ ਕਿ ਅਸੀਂ ਕੈਨੇਡਾ ਨੂੰ ਕਿਵੇਂ ਇੱਕ ਮਜ਼ਬੂਤ ਦੇਸ਼ ਵਜੋਂ ਵਿਕਸਤ ਕਰ ਰਹੇ ਹਾਂ।"

ਦੇਸ਼ ਵਿੱਚ ਹੋ ਰਹੀ ਤਰੱਕੀ ਨੂੰ ਭਵਿੱਖ ਵਿੱਚ ਇੰਜ ਹੀ ਜਾਰੀ ਰੱਖਣ ਅਤੇ ਦਰਪੇਸ਼ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਲੋਕਾਂ ਨਾਲ ਕੀਤੇ ਗਏ ਅਹਿਦ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, "ਇਸ ਤਰੱਕੀ ਨੂੰ ਬਰਕਰਾਰ ਹੱਖਣ ਲਈ ਮੈਂ ਆਪਣੀ ਸਰਕਾਰ ਵੱਲੋਂ ਤੁਹਾਡੇ ਸੱਭਨਾਂ ਨਾਲ ਵਚਨਬੱਧ ਹਾਂ। ਰਸਤੇ ਵਿਚ ਆਉਣ ਵਾਲੀਆਂ ਮੁਸ਼ਕਲਾਂ ਅਤੇ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਤੁਹਾਡੇ ਨਾਲ ਮਿਲ ਕੇ ਮੈਂ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਾਂਗੀ।" ਕੈਨੇਡਾ ਦੇ ਵੱਖ-ਵੱਖ ਪ੍ਰੋਵਿੰਸਾਂ ਤੇ ਟੈਰੀਟਰੀਆਂ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਤੇ ਸੇਵਾਵਾਂ ਨੂੰ ਹੋਰ ਅੱਗੇ ਵਧਾਉਣ ਲਈ ਫ਼ੈੱਡਰਲ ਸਰਕਾਰ ਵੱਲੋਂ ਉਨ੍ਹਾਂ ਦੀ ਵਿੱਤੀ ਸਹਾਇਤਾ ਲਈ ਸਾਲ 2024 ਦੌਰਾਨ ਕਈ ਯੋਜਨਾਵਾਂ ਬਣਾਈਆਂ ਗਈਆਂ ਹਨ। ਮਾਣਯੋਗ ਵਿੱਤ ਮੰਤਰੀ ਡੌਮਿਨਿਕ ਲੀ ਬਲਾਂਕ ਨੇ ਪਿਛਲੇ ਹਫ਼ਤੇ ਐਲਾਨ ਕੀਤਾ ਹੈ ਕਿ ਫ਼ੈੱਡਰਲ ਸਰਕਾਰ ਪ੍ਰੋਵਿੰਸਾਂ ਤੇ ਟੈਰੀਟਰੀਆਂ ਨੂੰ ਸਾਲ 2025-26 ਵਿਚ ਵੱਖ-ਵੱਖ ਪ੍ਰਜੈੱਕਟਾਂ ਲਈ 103.8 ਬਿਲੀਅਨ ਡਾਲਰ ਦੀ ਹੋਰ ਵਿੱਤੀ ਸਹਾਇਤਾ ਦੇਵੇਗੀ ਜੋ ਪਹਿਲਾਂ ਦਿੱਤੀ ਜਾ ਰਹੀ ਰਾਸ਼ੀ ਨਾਲੋਂ ਵੱਖਰੀ ਹੋਵੇਗੀ। ਇਸ ਤਰ੍ਹਾਂ ਇਹ ਰਾਸ਼ੀ 2024-25 ਦੇ ਮੁਕਾਬਲੇ 4.4% ਵਧੇਰੇ ਹੋਵੇਗੀ।

# ਅਮਰੀਕਾ 'ਚ ਬਾਇਡਨ ਪ੍ਰਸ਼ਾਸਨ ਦੇ ਯਤਨਾਂ ਦੇ ਬਾਵਜੂਦ ਬੇਘਰੇ ਲੋਕਾਂ ਦੀ ਗਿਣਤੀ ਵਧੀ



ਸੈਕਰਾਮੈਂਟੋ : ਬਾਇਡਨ ਪ੍ਰਸ਼ਾਸਨ ਵੱਲੋਂ ਬੇਘਰਿਆਂ ਲਈ ਘਰ ਬਣਾਉਣ ਦੇ ਯਤਨਾਂ ਦੇ ਬਾਵਜੂਦ ਅਮਰੀਕਾ ਵਿਚ ਬੇਘਰੇ ਲੋਕਾਂ ਦੀ ਗਿਣਤੀ ਵਧੀ ਹੈ। 2023 ਦੀ ਤੁਲਨਾ 'ਚ 2024 ਦੌਰਾਨ ਵਧ ਲੋਕ ਨੀਲੇ ਅਸਮਾਨ ਹੇਠਾਂ ਪਾਰਕਾਂ ਵਿਚ ਜਾਂ ਸੜਕਾਂ ਦੇ ਕੰਢਿਆਂ ਉਪਰ ਸੌਣ ਲਈ ਮਜਬੂਰ ਹੋਏ ਹਨ। ਇਹ ਐਲਾਨ ਸੰਘੀ ਅਧਿਕਾਰੀਆਂ ਨੇ ਕੀਤਾ ਹੈ। ਪੂਰੇ ਅਮਰੀਕਾ ਵਿਚ ਜਨਵਰੀ 2024 ਵਿਚ ਇਕ ਰਾਤ ਨੂੰ ਇਕੋ ਵੇਲੇ ਸ਼ਰਨਗਾਹਾਂ, ਪਾਰਕਾਂ ਤੇ ਸੜਕਾਂ ਉਪਰ ਸੌਣ ਵਾਲੇ ਲੋਕਾਂ ਦੀ ਕੀਤੀ ਗਈ ਗਿਣਤੀ ਅਨੁਸਾਰ 7,71,800 ਤੋਂ ਵਧ ਲੋਕ ਬੇਘਰੇ ਸਨ। ਇਹ ਗਿਣਤੀ 2023 ਨਾਲੋਂ 18.1% ਵਧ ਹੈ, ਜਦੋਂ ਬੇਘਰੇ ਲੋਕਾਂ ਦੀ ਗਿਣਤੀ 6,50,000 ਸੀ। 2022 ਵਿਚ ਬੇਘਰੇ ਲੋਕਾਂ ਦੀ ਗਿਣਤੀ 5,80,000 ਸੀ। ਘਰਾਂ ਦੀ ਸਮੱਸਿਆ ਨੂੰ ਖਤਮ ਕਰਨ ਲਈ ਗਠਿਤ ਨੈਸ਼ਨਲ ਅਲਾਇੰਸ ਦੇ ਸੀ.ਈ.ਓ. ਅਨਾ ਓਲੀਵਾ ਨੇ ਕਿਹਾ ਹੈ ਕਿ ਇਹ ਗਿਣਤੀ ਮੇਰੇ ਮੰਨ ਵਿਚ ਸ਼ੰਕਾ ਪੈਦਾ ਕਰਦੀ ਹੈ। ਪਿਛਲੇ ਸਾਲਾਂ ਦੌਰਾਨ ਬਹੁਤ ਸਾਰੇ ਸ਼ਹਿਰਾਂ 'ਚ ਲੋਕਾਂ ਨੂੰ ਵਧੀਆਂ ਲਾਗਤਾਂ ਕਾਰਨ ਘਰ ਬਣਾਉਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਕਈ ਥਾਵਾਂ 'ਤੇ ਸਖਤ ਕਾਨੂੰਨ ਲਾਗੂ ਕਰਕੇ ਖੁੱਲ੍ਹੇ ਵਿਚ ਟੈਂਟ ਲਾ ਕੇ ਸੌਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਇਸ ਲਈ ਬੇਘਰੇ ਲੋਕ ਲਾਚਾਰ ਨਜ਼ਰ ਆਏ ਹਨ। ਆਰਥਿਕ ਮਾਹਿਰਾਂ ਅਨੁਸਾਰ ਹੋਰ ਸਥਾਨਕ ਆਗੂਆਂ ਨੂੰ ਅੱਗੇ ਆਉਣਾ ਪਵੇਗਾ, ਤਾਂ ਜੋ ਬੇਘਰਿਆਂ ਲਈ ਘਰ ਬਣਾਉਣ ਵਾਸਤੇ ਨੀਤੀਗਤ ਨਿਵੇਸ਼ ਵਧਾਇਆ ਜਾ ਸਕੇ। ਜੇਕਰ ਨੀਤੀਗਤ ਢੰਗ ਨਾਲ ਹੋਰ ਨਿਵੇਸ਼ ਨਹੀਂ ਹੁੰਦਾ ਤਾਂ ਬੇਘਰਿਆਂ ਦੀ ਗਿਣਤੀ ਨਿਰੰਤਰ ਵਧਦੀ ਜਾਵੇਗੀ। ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਘਰ ਬਣਾਉਣ ਲਈ ਵਧੀਆਂ ਲਾਗਤਾਂ, ਸ਼ਰਨ ਸਥਾਨਾਂ ਵਿਚ ਪ੍ਰਵਾਸੀਆਂ ਦੀ ਵਧੀ ਗਿਣਤੀ ਤੇ ਜੰਗਲੀ ਅੱਗ ਵਰਗੀਆਂ ਕੁਦਰਤੀ ਆਫਤਾਂ ਕਾਰਨ ਬੇਘਰੇ ਲੋਕਾਂ ਦੀ ਗਿਣਤੀ ਵਧੀ ਹੈ। ਅਧਿਕਾਰੀਆਂ ਅਨੁਸਾਰ ਇਸ ਸਾਲ ਜੂਨ ਵਿਚ ਰਾਸ਼ਟਰਪਤੀ ਜੋਅ ਬਾਇਡਨ ਨੇ ਸਰਹੱਦ ਪਾਰੋਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਵਾਲੇ ਲੋਕਾਂ 'ਤੇ ਸ਼ਿਕੰਜਾ ਕੱਸਿਆ ਸੀ, ਜਿਸ ਕਾਰਨ ਸ਼ਰਨ ਸਥਾਨਾਂ 'ਤੇ ਦਬਾਅ ਘਟਿਆ ਹੈ। ਡੈਨਵਰ ਤੇ ਸ਼ਿਕਾਗੋ ਨੇ ਹਾਲ ਹੀ ਵਿਚ ਪ੍ਰਵਾਸੀਆਂ ਲਈ ਸ਼ਰਨ ਸਥਾਨ ਖਤਮ ਕਰਨ ਦਾ ਐਲਾਨ ਕੀਤਾ ਹੈ। ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਅਨੁਸਾਰ ਡਲਾਸ, ਲਾਸ ਏਂਜਲਸ ਤੇ ਚੈਸਟਰ ਕਾਊਂਟੀ, ਪੈਨਸਿਲਵੇਨੀਆ 'ਚ ਬੇਘਰੇ ਲੋਕਾਂ ਦੀ ਵਰਨਣਯੋਗ ਗਿਣਤੀ ਘਟੀ ਹੈ। ਬਜ਼ੁਰਗ ਬੇਘਰੇ ਲੋਕਾਂ ਲਈ ਘਰ ਬਣਾਉਣ ਦੇ ਬਾਇਡਨ ਪ੍ਰਸ਼ਾਸਨ ਦੇ ਯਤਨ ਜ਼ਰੂਰ ਰੰਗ ਲਿਆਏ ਹਨ। ਜੋ ਬਾਇਡਨ ਦੇ ਕਾਰਜਕਾਲ ਦੌਰਾਨ ਬਜ਼ੁਰਗ ਬੇਘਰੇ ਲੋਕਾਂ ਦੀ ਗਿਣਤੀ ਤਕਰੀਬਨ 12% ਘਟੀ ਹੈ। 2022 ਵਿਚ ਬਾਇਡਨ ਨੇ ਆਪਣੇ ਪਹਿਲੇ ਕਾਰਜਕਾਲ ਦੇ ਖਤਮ ਹੋਣ ਤੋਂ ਪਹਿਲਾਂ ਬੇਘਰੇ ਲੋਕਾਂ ਦੀ ਗਿਣਤੀ ਘਟਾਉਣ ਦੇ ਟੀਚੇ ਦਾ ਐਲਾਨ ਕੀਤਾ ਸੀ ਪਰੰਤੂ ਇਸ ਐਲਾਨ ਦੇ ਉਲਟ ਬੇਘਰਿਆਂ ਦੀ ਗਿਣਤੀ ਵਧਣੀ ਨਿਸ਼ਚਿਤ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ। ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਮੱਸਿਆ ਨਾਲ ਕਿਵੇਂ ਨਜਿੱਠਦੇ ਹਨ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ।

# ਮੌਂਟੇਨੇਗਰੋ ਦੇ ਸੇਟਿਨਜੇ 'ਚ ਗੋਲੀਬਾਰੀ, ਬਾਰ ਮਾਲਕ ਅਤੇ 2 ਬੱਚਿਆਂ ਸਣੇ 10 ਦੀ ਮੌਤ



ਪੋਡਗੋਰਿਕਾ : ਪੱਛਮੀ ਮੋਂਟੇਨੇਗਰੋ ਸ਼ਹਿਰ ਵਿਚ ਇਕ ਬਾਰ 'ਚ ਹੋਈ ਲੜਾਈ ਤੋਂ ਬਾਅਦ ਬੁੱਧਵਾਰ ਨੂੰ ਹੋਈ ਗੋਲੀਬਾਰੀ ਵਿਚ 2 ਬੱਚਿਆਂ ਸਮੇਤ 10 ਲੋਕਾਂ ਦੀ ਮੌਤ ਹੋ ਗਈ ਅਤੇ 4 ਹੋਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਘਟਨਾ ਤੋਂ ਬਾਅਦ ਦੋਸ਼ੀ ਫ਼ਰਾਰ ਹੋ ਗਿਆ ਹੈ, ਜਿਸ ਦੀ ਭਾਲ ਲਈ ਪੁਲਸ ਨੇ ਪੋਡਗੋਰਿਕਾ ਤੋਂ ਕਰੀਬ 30 ਕਿਲੋਮੀਟਰ ਦੂਰ ਸੇਟਿਨਜੇ 'ਚ ਗੋਲੀਬਾਰੀ ਕਰਨ ਵਾਲੇ ਦੀ ਭਾਲ ਲਈ ਵਿਸ਼ੇਸ਼ ਟੀਮ ਭੇਜੀ ਗਈ ਹੈ। ਇਸ ਦੇ ਨਾਲ ਹੀ ਪੁਲਸ ਨੇ ਸ਼ਹਿਰ ਦੇ ਅੰਦਰ ਅਤੇ ਬਾਹਰ ਜਾਣ ਵਾਲੀਆਂ ਸੜਕਾਂ 'ਤੇ ਪੂਰੀ ਤਰ੍ਹਾਂ ਨਾਕਾਬੰਦੀ ਕਰ ਦਿੱਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹਮਲਾਵਰ ਦੀ ਪਛਾਣ 45 ਸਾਲਾ ਅਕੋ ਮਾਰਟਿਨੋਵਿਕ ਵਜੋਂ ਹੋਈ ਹੈ। ਘਟਨਾ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਗ੍ਰਹਿ ਮੰਤਰੀ ਡੈਨੀਲੋ ਸਰਨੋਵਿਕ ਨੇ ਕਿਹਾ ਕਿ ਹਮਲਾਵਰ ਨੇ ਸੇਟਿਨਜੇ ਸ਼ਹਿਰ ਵਿਚ ਬਾਰ ਮਾਲਕ, ਬਾਰ ਮਾਲਕ ਦੇ ਬੱਚਿਆਂ ਅਤੇ ਉਸ ਦੇ ਪਰਿਵਾਰ ਦੀ ਹੱਤਿਆ ਕਰ ਦਿੱਤੀ। ਫਿਲਹਾਲ ਸਾਡਾ ਪੂਰਾ ਧਿਆਨ ਹਮਲਾਵਰ ਨੂੰ ਗ੍ਰਿਫਤਾਰ ਕਰਨ 'ਤੇ ਹੈ। ਉਨ੍ਹਾਂ ਹਮਲਾਵਰ ਨੂੰ ਖ਼ਤਰਨਾਕ ਦੱਸਦੇ ਹੋਏ ਲੋਕਾਂ ਨੂੰ ਘਰਾਂ ਦੇ ਅੰਦਰ ਰਹਿਣ ਦੀ ਅਪੀਲ ਕੀਤੀ ਹੈ। ਗੁੱਸੇ ਅਤੇ ਬੇਰਹਿਮੀ ਦਾ ਪੱਧਰ ਇਹ ਦਰਸਾਉਂਦਾ ਹੈ ਕਿ ਕਈ ਵਾਰ ਅਜਿਹੇ ਲੋਕ ਸੰਗਠਿਤ ਅਪਰਾਧੀ ਗਰੋਹਾਂ ਨਾਲੋਂ ਵੀ ਵੱਧ ਖਤਰਨਾਕ ਹੁੰਦੇ ਹਨ।

**ਘਰੋਂ ਹਥਿਆਰ ਲਿਆ ਕੇ ਕੀਤੀ ਫਾਇਰਿੰਗ**

ਪੁਲਸ ਕਮਿਸ਼ਨਰ ਲਾਜ਼ਰ ਸੇਪਨੋਵਿਕ ਨੇ ਕਿਹਾ ਕਿ ਮਾਰਟਿਨੋਵਿਕ ਸਾਰਾ ਦਿਨ ਹੋਰ ਮਹਿਮਾਨਾਂ ਨਾਲ ਇਕ ਬਾਰ ਵਿਚ ਰਿਹਾ ਪਰ ਲੜਾਈ ਤੋਂ ਬਾਅਦ ਉਹ ਘਰ ਚਲਾ ਗਿਆ ਅਤੇ ਸ਼ਾਮ 5:30 ਵਜੇ ਹਥਿਆਰ ਲੈ ਕੇ ਬਾਰ ਵਿਚ ਵਾਪਸ ਆਇਆ ਅਤੇ ਗੋਲੀਬਾਰੀ ਕੀਤੀ। ਪੁਲਸ ਦਾ ਕਹਿਣਾ ਹੈ ਕਿ ਹਮਲਾਵਰ ਨੇ ਬਾਹਰ ਜਾਣ ਤੋਂ ਪਹਿਲਾਂ ਬਾਰ 'ਚ ਚਾਰ ਲੋਕਾਂ ਦੀ ਹੱਤਿਆ ਕਰ ਦਿੱਤੀ ਅਤੇ ਫਿਰ ਤਿੰਨ ਹੋਰ ਥਾਵਾਂ 'ਤੇ ਗੋਲੀਆਂ ਚਲਾਈਆਂ। ਉਸ ਨੇ ਚਾਰ ਹੋਰ ਲੋਕਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਅਤੇ ਫਿਰ ਗੱਡੀ ਦੀ ਮਦਦ ਨਾਲ ਮੌਕੇ ਤੋਂ ਫਰਾਰ ਹੋ ਗਿਆ। ਹਾਲਾਂਕਿ, ਅਸੀਂ ਵਾਹਨ ਦਾ ਪਤਾ ਲਗਾ ਲਿਆ ਹੈ। ਪੁਲਿਸ ਨੇ ਦੱਸਿਆ ਕਿ ਸ਼ੱਕੀ ਨੂੰ 2005 'ਚ ਹਿੰਸਕ ਵਿਵਹਾਰ ਲਈ ਸਜ਼ਾ ਸੁਣਾਈ ਗਈ ਸੀ ਅਤੇ ਉਸ ਨੇ ਗੈਰ-ਕਾਨੂੰਨੀ ਹਥਿਆਰਾਂ ਦੇ ਮਾਮਲੇ 'ਚ ਦਿੱਤੀ ਗਈ ਸਜ਼ਾ ਖਿਲਾਫ ਅਪੀਲ ਕੀਤੀ ਸੀ। ਹਮਲਾਵਰ ਅਨਿਯਮਤ ਅਤੇ ਹਿੰਸਕ ਵਿਵਹਾਰ ਲਈ ਜਾਣਿਆ ਜਾਂਦਾ ਸੀ।

# ਅਮਰੀਕਾ 'ਚ 4 ਭਾਰਤੀ ਨੌਜਵਾਨ ਕਤਲ ਦੇ ਦੋਸ਼ 'ਚ ਗ੍ਰਿਫ਼ਤਾਰ

ਨਿਊਜਰਸੀ: ਅਮਰੀਕੀ ਸਟੇਟ ਨਿਊਜਰਸੀ ਵਿਚ ਇੱਕ 35 ਸਾਲਾ ਭਾਰਤੀ ਵਿਅਕਤੀ ਦੀ ਮੌਤ ਦੇ ਸਬੰਧ ਵਿਚ ਗ੍ਰੀਨਵੁੱਡ ਇੰਡੀਆਨਾ ਰਾਜ ਦੇ ਰਹਿਣ ਵਾਲੇ 4 ਭਾਰਤੀ ਨੌਜਵਾਨਾਂ 'ਤੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। 35 ਸਾਲਾ ਕੁਲਦੀਪ ਕੁਮਾਰ ਦੀ ਮੌਤ ਦੇ ਸਬੰਧ ਵਿਚ ਸੌਰਵ ਕੁਮਾਰ (23), ਗੌਰਵ ਸਿੰਘ (27), ਨਿਰਮਲ ਸਿੰਘ (30) ਅਤੇ ਗੁਰਦੀਪ ਸਿੰਘ (22) 'ਤੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲੱਗੇ ਹਨ। ਓਸ਼ੀਅਨ ਕਾਊਂਟੀ, ਨਿਊਜਰਸੀ ਦੇ ਪ੍ਰੋਸੀਕਿਊਟਰ ਅਨੁਸਾਰ ਲੰਘੀ 14 ਦਸੰਬਰ ਨੂੰ ਮੈਨਚੈਸਟਰ ਟਾਊਨਸ਼ਿਪ, ਨਿਊ ਜਰਸੀ ਵਿਚ ਗ੍ਰੀਨਵੁੱਡ ਵਾਈਲਡਲਾਈਫ ਮੈਨੇਜਮੈਂਟ ਖੇਤਰ 'ਚੋਂ ਗਲੀ ਸੜੀ ਹਾਲਤ ਵਿਚ ਇਕ ਵਿਅਕਤੀ ਦੀ ਲਾਸ਼ ਮਿਲਣ ਸਬੰਧੀ ਸੂਚਨਾ ਮਿਲੀ ਸੀ। ਕਾਊਂਟੀ ਦੇ ਮੈਡੀਕਲ ਜਾਂਚਕਰਤਾ ਦੇ ਦਫ਼ਤਰ ਨੇ ਇਹ ਸਿੱਟਾ ਕੱਢਿਆ ਕਿ ਵਿਅਕਤੀ ਦੀ ਮੌਤ ਛਾਤੀ 'ਤੇ ਕਈ ਗੋਲੀਆਂ ਵੱਜਣ ਕਾਰਨ ਹੋਈ ਸੀ ਅਤੇ ਇਸ ਨੂੰ ਕਤਲ ਮੰਨਿਆ ਗਿਆ ਸੀ। ਐੱਫ.ਬੀ.ਆਈ. ਦੀ ਮਦਦ ਨਾਲ ਉਸ ਵਿਅਕਤੀ ਦੀ ਪਛਾਣ ਭਾਰਤੀ ਮੂਲ ਦੇ ਕੁਲਦੀਪ ਕੁਮਾਰ ਵਜੋਂ ਹੋਈ। 26 ਅਕਤੂਬਰ, 2024 ਨੂੰ ਪਰਿਵਾਰ ਦੇ ਇੱਕ ਮੈਂਬਰ ਨੇ ਕੁਮਾਰ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਾਈ ਸੀ। ਬਾਅਦ ਵਿਚ ਜਾਂਚ ਵਿਚ ਕੁਲਦੀਪ ਕੁਮਾਰ ਦੀ ਮੌਤ 'ਚ ਸੌਰਵ ਕੁਮਾਰ, ਗੌਰਵ ਸਿੰਘ, ਨਿਰਮਲ ਸਿੰਘ ਅਤੇ ਗੁਰਦੀਪ ਸਿੰਘ ਦੀ ਸ਼ਮੂਲੀਅਤ ਪਾਈ ਗਈ। 20 ਦਸੰਬਰ ਨੂੰ ਇਨ੍ਹਾਂ 4 ਭਾਰਤੀਆਂ ਨੂੰ ਓਸ਼ੀਅਨ ਕਾਉਂਟੀ ਪ੍ਰੋਸੀਕਿਊਟਰ ਦੇ ਦਫ਼ਤਰ ਮੇਜਰ ਕ੍ਰਾਈਮ ਯੂਨਿਟ, ਨਿਊ ਜਰਸੀ ਸਟੇਟ ਪੁਲਸ ਮੇਜਰ ਕ੍ਰਾਈਮ ਯੂਨਿਟ, ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਅਤੇ ਗ੍ਰੀਨਵੁੱਡ ਪੁਲਿਸ ਵਿਭਾਗ ਦੇ ਜਾਸੂਸਾਂ ਦੇ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਚਾਰਾਂ ਨੂੰ ਜੌਹਨਸਨ ਕਾਊਂਟੀ ਜੇਲ੍ਹ ਵਿਚ ਰੱਖਿਆ ਗਿਆ ਹੈ, ਜਿੱਥੇ ਉਹ ਨਿਊਜਰਸੀ ਵਿਚ ਹਵਾਲਗੀ ਦੀ ਉਡੀਕ ਕਰ ਰਹੇ ਹਨ।



# 'ਆਇਰਨਮੈਨ' ਹਰਜੀਤ ਸਿੰਘ ਹੈਰੀ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਤੇ ਬਾਬਾ ਜ਼ੋਰਾਵਰ ਸਿੰਘ ਬਾਬਾ ਫ਼ਤਿਹ ਸਿੰਘ ਯਾਦਗਾਰੀ ਕਮੇਟੀਆਂ ਵੱਲੋਂ ਸਨਮਾਨਿਤ




ਬਰੈਂਪਟਨ, (ਡਾ.ਝੰਡ): ਹਰਜੀਤ ਸਿੰਘ ਉਰਫ਼ 'ਹੈਰੀ' ਜੋ 23 ਅਕਤੂਬਰ 2024 ਨੂੰ ਅਮਰੀਕਾ ਦੇ ਸ਼ਹਿਰ ਜਿਨੀਵਾ ਵਿਚ ਹੋਏ ਵਿਸ਼ਵ-ਪੱਧਰ ਦੇ ਸੱਭ ਤੋਂ ਸਖ਼ਤ ਮੁਕਾਬਲੇ ਵਿਚ 'ਆਇਰਨਮੈਨ' ਐਲਾਨੇ ਗਏ ਸਨ, ਨੂੰ ਓਨਟਾਰੀਓ ਖਾਲਸਾ ਦਰਬਾਰ ਦੀ ਪ੍ਰਬੰਧਕ ਕਮੇਟੀ ਅਤੇ ਬਾਬਾ ਜ਼ੋਰਾਵਾਰ ਬਾਬਾ ਫ਼ਤਿਹ ਸਿੰਘ ਯਾਦਗਾਰੀ ਕਮੇਟੀ ਫ਼ਤਿਹਗੜ੍ਹ ਵੱਲੋਂ ਲੰਘੇ 25 ਦਸੰਬਰ ਨੂੰ ਡਿਕਸੀ ਗੁਰੂਘਰ ਵਿੱਚ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਹਰਜੀਤ ਸਿੰਘ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਕਸਬੇ ਬੱਸੀ ਪਠਾਣਾਂ ਦੇ ਵਸਨੀਕ ਹਨ।

ਦੋਹਾਂ ਕਮੇਟੀਆਂ ਦੇ ਪ੍ਰਬੰਧਕਾਂ ਵੱਲੋਂ ਹਰਜੀਤ ਸਿੰਘ ਨੂੰ ਵੱਡੇ ਆਕਾਰ ਦਾ ਸ੍ਰੀ ਹਰਿਮੰਦਰ ਸਾਹਿਬ ਦਾ ਖ਼ੂਬਸੂਰਤ ਮਾਡਲ ਪ੍ਰਦਾਨ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਹ ਕੇਵਲ ਹਰਜੀਤ ਸਿੰਘ ਦਾ ਹੀ ਨਹੀਂ, ਸਗੋਂ ਇਹ ਸਮੁੱਚੀ ਪੰਜਾਬੀ ਕਮਿਊਨਿਟੀ ਦਾ ਸਨਮਾਨ ਹੈ, ਕਿਉਂਕਿ ਹਰਜੀਤ ਸਿੰਘ ਨੇ 'ਆਇਰਨਮੈਨ' ਦਾ ਇਹ ਵਿਸ਼ਵ-ਪੱਧਰੀ ਖ਼ਿਤਾਬ ਜਿੱਤ ਕੇ ਸਾਰੀ ਦੁਨੀਆਂ ਵਿੱਚ ਪੰਜਾਬੀ ਕਮਿਊਨਿਟੀ ਦਾ ਨਾਂ ਉੱਚਾ ਕੀਤਾ ਕੀਤਾ ਹੈ। ਦੱਸਣਾ ਬਣਦਾ ਹੈ ਕਿ ਉਨ੍ਹਾਂ ਨੂੰ ਬਰੈਂਪਟਨ ਡਾਊਨ ਟਾਊਨ ਸਥਿਤ ਸਿਟੀ ਕੌਂਸਲ ਦੇ ਆਫ਼ਿਸ ਵਿੱਚ 11 ਦਸੰਬਰ ਨੂੰ ਉਚੇਚੇ ਤੌਰ 'ਤੇ ਬੁਲਾ ਕੇ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ, ਡਿਪਟੀ ਮੇਅਰ ਹਰਕੀਰਤ ਸਿੰਘ ਤੇ ਸਿਟੀ ਕੌਂਸਲਰਾਂ ਵੱਲੋਂ ਵੀ ਸਨਮਾਨਿਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਜੀ ਟੀ ਐੱਮ ਦੇ ਮੁੱਖ-ਪ੍ਰਬੰਧਕਾਂ ਬਲਜਿੰਦਰ ਲੇਲਣਾ, ਜਸਪਾਲ ਗਰੇਵਾਲ ਤੇ ਉਨ੍ਹਾਂ ਸਟਾਫ਼ ਵੱਲੋਂ ਵੱਲੋਂ ਹਰਜੀਤ ਸਿੰਘ ਨੂੰ 5 ਦਸੰਬਰ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ।

ਪਾਠਕਾਂ ਦੀ ਜਾਣਕਾਰੀ ਲਈ ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਵਿਸ਼ਵ-ਪੱਧਰੀ ਮੁਕਾਬਲੇ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਇਸ ਦੇ ਤਿੰਨ ਵੱਖ-ਵੱਖ ਪੜਾਵਾਂ ਵਿੱਚੋਂ ਸਫ਼ਲਤਾ ਪੂਰਵਕ ਗੁਜ਼ਰ ਕੇ ਅੱਗੇ ਵੱਧਣਾ ਹੁੰਦਾ ਹੈ। ਪਹਿਲੇ ਪੜਾਅ ਵਿੱਚ ਉਨ੍ਹਾਂ ਨੇ ਚਾਰ ਕਿਲੋਮੀਟਰ ਤੈਰਨਾ ਹੁੰਦਾ ਹੈ ਅਤੇ ਇਸ ਦੇ ਲਈ ਨਿਸਚਤ ਕੀਤੇ ਗਏ ਸਮੇਂ ਦੇ ਅੰਦਰ-ਅੰਦਰ ਇਹ ਪੜਾਅ ਪੂਰਾ ਕਰਨ ਵਾਲੇ ਇਸ ਦੇ ਅਗਲੇ ਪੜਾਅ ਵਿਚ ਦਾਖ਼ਲ ਹੁੰਦੇ ਹਨ ਜਿੱਥੇ ਉਨ੍ਹਾਂ ਨੇ ਦੂਸਰੇ ਪੜਾਅ ਵਿੱਚ 180 ਕਿਲੋਮੀਟਰ ਸਾਈਕਲ ਚਲਾਉਣਾ ਹੁੰਦਾ ਹੈ। ਇੱਥੋਂ ਸਫ਼ਲ ਹੋਣ ਵਾਲੇ ਮੁਕਾਬਲੇਬਾਜ਼ ਇਸ ਦੇ ਤੀਸਰੇ ਪੜਾਅ ਵਿਚ 42 ਕਿਲੋਮੀਟਰ ਲੰਮੀ ਦੌੜ ਦੌੜਦੇ ਹਨ।

ਇਹ ਤਿੰਨੇ ਪੜਾਅ ਉਨ੍ਹਾਂ ਨੇ 16 ਘੰਟੇ ਵਿੱਚ ਪੂਰੇ ਕਰਨੇ ਹੁੰਦੇ ਹਨ। ਤਾਂ ਜਾ ਕੇ ਉਹ ਪ੍ਰਬੰਧਕਾਂ ਵੱਲੋਂ 'ਆਇਰਨਮੈਨ' ਐਲਾਨੇ ਜਾਂਦੇ ਹਨ ਅਤੇ ਇਸ ਮੁਕਾਬਲੇ ਨਾਲ ਜੁੜਿਆ ਹੋਇਆ ਮੈਡਲ ਤੇ ਖ਼ਿਤਾਬ ਹਾਸਲ ਕਰਦੇ ਹਨ। ਹਰਜੀਤ ਸਿੰਘ ਹੈਰੀ ਨੇ ਇਹ ਤਿੰਨੇ ਪੜਾਅ 16 ਘੰਟੇ ਦੇ ਅੰਦਰ ਪੂਰੇ ਕਰਕੇ ਇਹ ਵੱਕਾਰੀ ਮੈਡਲ ਤੇ ਖ਼ਿਤਾਬ ਪ੍ਰਾਪਤ ਕੀਤਾ ਹੈ।

# ਕਨੇਡਾ ਵਿਖੇ ਮਨਾਈ ਮਰਹੂਮ ਗਾਇਕ ਮੁਹੰਮਦ ਰਫੀ ਦੀ ਜਨਮ ਸ਼ਤਾਬਦੀ

## ਜਨਮ ਦਿਨ ਦਾ ਕੇਕ ਕੱਟਿਆ ਅਤੇ ਗੀਤ-ਸੰਗੀਤ ਹੋਇਆ






ਟੋਰਾਂਟੋ (ਹਰਜੀਤ ਸਿੰਘ ਬਾਜਵਾ): ਇੰਟਰਨੈਸ਼ਨਲ ਕੌਂਸਲ ਆਫ ਕਨੇਡਾ, ਸਕੋਪ ਕਨੇਡਾ, ਸ਼ੋਇਬ ਨਾਸ਼ਰ ਅਤੇ ਵਿਸ਼ਵ ਪੰਜਾਬੀ ਸਭਾ ਕਨੇਡਾ ਵੱਲੋਂ ਸਾਂਝੇ ਤੌਰ 'ਤੇ ਬਾਲੀਵੁੱਡ ਦੇ ਸੁਪਰ ਸਟਾਰ ਗਾਇਕ ਮਰਹੂਮ ਮੁਹੰਮਦ ਰਫੀ ਦਾ 100ਵਾਂ (ਜਨਮ ਸ਼ਤਾਬਦੀ) ਜਨਮ ਦਿਨ ਮਨਾਉਦਿਆਂ ਇੱਕ ਪ੍ਰਭਾਵਸ਼ਾਲੀ ਸਮਾਗਮ ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿਖੇ ਰੱਖਿਆ ਗਿਆ ਜਿੱਥੇ ਕਿ ਉਹਨਾਂ ਦੇ ਚਾਹੁੰਣ ਵਾਲੇ ਭਾਰਤੀ ਅਤੇ ਪਾਕਿਸਤਾਨੀ ਪ੍ਰਸੰਸਕਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਆਪਣੇ ਮਹਿਬੂਬ ਗਾਇਕ ਮਰਹੂਮ ਮੁਹੰਮਦ ਰਫੀ ਨੂੰ ਸ਼ਰਧਾਂਜ਼ਲੀ ਭੇਟ ਕਰਦਿਆਂ ਵਿਸ਼ੇਸ਼ ਤੌਰ ਤੇ' ਉਹਨਾਂ ਦੇ 100ਵੇਂ ਜਨਮ ਦਿਨ ਦਾ ਕੇਕ ਕੱਟਿਆ ਅਤੇ ਉਹਨਾਂ ਦੀਆਂ ਯਾਦਾਂ ਤਾਜੀਆਂ ਕਰਦੇ ਹੋਏ ਗੀਤ ਸੰਗੀਤ ਨਾਲ ਇਹਨਾਂ ਹੁਸੀਨ ਪਲਾਂ ਨੂੰ ਮਾਣਿਆ।

ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਪਹੁੰਚੀ ਸਵਰਗੀ ਮੁਹੰਮਦ ਰਫੀ ਦੀ ਭਤੀਜੀ ਰਾਫੀਆ ਬਿਨਤ ਹਮੀਦ ਅਤੇ ਉਹਨਾਂ ਦੇ ਪ੍ਰੀਵਾਰਕ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਜਦੋਂ ਕਿ ਇਸ ਮੌਕੇ ਵਿਸ਼ਵ ਪੰਜਾਬੀ ਸਭਾ ਦੇ ਸੰਚਾਲਕ ਡਾ.ਦਲਬੀਰ ਸਿੰਘ ਕਥੂਰੀਆ, ਸ੍ਰ. ਇਕਬਾਲ ਬਰਾੜ, ਜਨਾਬ ਸ਼ੋਇਬ ਨਾਸ਼ਰ, ਡਾ. ਜਗਮੋਹਨ ਸਿੰਘ ਸੰਘਾ ਅਤੇ ਪੱਤਰਕਾਰ ਸ੍ਰ. ਜਸਵਿੰਦਰ ਸਿੰਘ ਬਿੱਟਾ ਵੱਲੋਂ ਹਾਜ਼ਰੀਨ ਦੀ ਚਾਹ ਪਾਣੀ ਨਾਲ ਮਹਿਮਾਨ ਨਿਵਾਜ਼ੀ ਕਰਦਿਆਂ ਸਾਰਿਆਂ ਨੂੰ ਜੀ ਆਇਆਂ ਵੀ ਆਖਿਆ ਗਿਆ। ਇਸ ਮੌਕੇ ਟੋਰਾਂਟੋ ਦੇ ਮੁਹੰਮਦ ਰਫੀ ਵੱਜੋਂ ਜਾਣੇ ਜਾਂਦੇ ਇਕਬਾਲ ਬਰਾੜ, ਸੁਮਾਨਾਂ ਗਾਂਗੁਲੀ ਡੇਅ ਅਤੇ ਜਨਾਬ ਫੈਜ਼ਲ ਮਹਿਮੂਦ ਵੱਲੋਂ ਮੁਹੰਮਦ ਰਫੀ ਦੇ ਅਨੇਕਾਂ ਹੀ ਗੀਤ ਗਾ ਕੇ ਸਮਾਗਮ ਨੂੰ ਹੁਸੀਨ ਅਤੇ ਰੰਗੀਨ ਬਣਾਂ ਦਿੱਤਾ।

# ਡੱਲੇਵਾਲ ਨੂੰ ਮਨਾਉਣ 'ਚ ਨਾਕਾਮ ਰਹੀ ਸਰਕਾਰ

ਪਟਿਆਲਾ : ਪੰਜਾਬ ਸਰਕਾਰ ਨੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਮੈਡੀਕਲ ਇਲਾਜ ਲਈ ਮਨਾਉਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਪਰ ਕੋਈ ਕਾਮਯਾਬੀ ਹਾਸਲ ਨਹੀਂ ਹੋਈ। ਸੇਵਾਮੁਕਤ ਏਡੀਜੀਪੀ ਜਸਕਰਨ ਸਿੰਘ ਮੁੱਖ ਤੌਰ 'ਤੇ ਕਿਸਾਨਾਂ ਅਤੇ ਸਰਕਾਰ ਦਰਮਿਆਨ ਕੜੀ ਦਾ ਕੰਮ ਕਰ ਰਹੇ ਹਨ। ਉਨ੍ਹਾਂ ਅੱਜ ਪਟਿਆਲਾ ਦੇ ਡੀਆਈਜੀ ਨੂੰ ਨਾਲ ਲੈ ਕੇ ਕਿਸਾਨ ਆਗੂਆਂ ਨਾਲ ਦੋ ਵਾਰ ਮੀਟਿੰਗਾਂ ਕੀਤੀਆਂ, ਜਿਨ੍ਹਾਂ ਵਿੱਚ ਕਿਸਾਨਾਂ ਵੱਲੋਂ ਕਾਕਾ ਸਿੰਘ ਕੋਟੜਾ, ਅਭਿਮੰਨਿਊ ਕੋਹਾੜ, ਸੁਖਜੀਤ ਸਿੰਘ ਹਰਦੋਝੰਡੇ, ਸੁਰਜੀਤ ਸਿੰਘ ਫੂਲ ਅਤੇ ਦਿਲਬਾਗ ਸਿੰਘ ਹਰੀਗੜ੍ਹ ਨੇ ਸ਼ਿਰਕਤ ਕੀਤੀ।

# ਨਵੇਂ ਸਾਲ ਦੀ ਆਮਦ 'ਤੇ ਦੇਸ਼-ਵਿਦੇਸ਼ ਤੋਂ ਹਰਿਮੰਦਰ ਸਾਹਿਬ ਪੁੱਜੀ ਰਿਕਾਰਡ ਤੋੜ ਸੰਗਤ



ਅੰਮ੍ਰਿਤਸਰ : ਇੱਥੇ ਅੱਜ ਹਰਿਮੰਦਰ ਸਾਹਿਬ ਵਿਖੇ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਵੱਡੀ ਗਿਣਤੀ ਸੰਗਤ ਪੁੱਜੀ। ਬੀਤੀ ਰਾਤ ਤੋਂ ਇੱਥੇ ਸੰਗਤ ਆਉਣ ਲੱਗੀ ਸੀ। ਅਨੁਮਾਨ ਮੁਤਾਬਕ 31 ਦਸੰਬਰ ਅਤੇ ਪਹਿਲੀ ਜਨਵਰੀ ਦੋ ਦਿਨਾਂ ਵਿੱਚ ਲਗਪਗ ਅੱਠ ਤੋਂ 10 ਲੱਖ ਸੰਗਤ ਨੇ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਨਵੇਂ ਵਰ੍ਹੇ ਦੀ ਆਮਦ ਨੂੰ ਜੀ ਆਇਆਂ ਆਖਿਆ। ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਮੁਤਾਬਕ ਅੱਜ ਸਵੇਰੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ ਤੋਂ ਲੈ ਕੇ ਰਾਤ ਤੱਕ ਲਗਪਗ 5 ਲੱਖ ਤੋਂ ਵੱਧ ਸੰਗਤ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਇਸ ਵਾਰ ਪਿਛਲੇ ਵਰ੍ਹੇ ਨਾਲੋਂ 20 ਤੋਂ 25 ਫ਼ੀਸਦ ਸੰਗਤ ਵਧੇਰੇ ਆਉਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਅਨੁਮਾਨ ਹੈ ਕਿ ਬੀਤੀ ਰਾਤ 8 ਵਜੇ ਤੋਂ ਲੈ ਕੇ ਨਵਾਂ ਦਿਨ ਸ਼ੁਰੂ ਹੋਣ ਤੱਕ ਲਗਪਗ 2 ਲੱਖ ਤੋਂ ਵੱਧ ਸੰਗਤ ਗੁਰੂ ਘਰ ਨਤਮਸਤਕ ਹੋਣ ਪੁੱਜੀ ਹੋਈ ਸੀ। ਬੀਤੀ ਰਾਤ ਇਥੇ ਸੰਗਤ ਦਾ ਹੜ੍ਹ ਉਮੜ ਆਇਆ ਸੀ। ਲਗਪਗ ਇੱਕ ਕਿਲੋਮੀਟਰ ਦੂਰ ਤੋਂ ਹੀ ਸੰਗਤ ਪੈਦਲ ਆ ਰਹੀ ਸੀ। ਹਰਿਮੰਦਰ ਸਾਹਿਬ ਨੂੰ ਆਉਣ ਵਾਲੀਆਂ ਸਾਰੀਆਂ ਸੜਕਾਂ ਸੰਗਤ ਨਾਲ ਭਰੀਆਂ ਹੋਈਆਂ ਸਨ। ਹੈਰੀਟੇਜ ਸਟਰੀਟ ਵਿੱਚ ਤਿਲ ਸੁੱਟਣ ਲਈ ਵੀ ਥਾਂ ਨਹੀਂ ਸੀ। ਜਿਵੇਂ ਹੀ ਰਾਤ ਦੇ 12 ਵੱਜੇ ਅਤੇ ਨਵੇਂ ਦਿਨ ਤੇ ਨਵੇਂ ਸਾਲ ਦੀ ਸ਼ੁਰੂਆਤ ਹੋਈ ਤਾਂ ਪਰਿਕਰਮਾ ਵਿੱਚ ਹਾਜ਼ਰ ਸੰਗਤ ਦੇ ਜੈਕਾਰੇ ਗੂੰਜਣ ਲੱਗ ਪਏ ਅਤੇ ਨਵੇਂ ਸਾਲ ਨੂੰ ਜੀ ਆਇਆਂ ਆਖਿਆ ਗਿਆ। ਹਰਿਮੰਦਰ ਸਾਹਿਬ ਦੇ ਬਾਹਰ ਸੰਗਤ ਵੱਲੋਂ ਆਤਿਸ਼ਬਾਜ਼ੀ ਵੀ ਕੀਤੀ ਗਈ।

# ਕੇਂਦਰ ਦੇ ਟਾਲ-ਮਟੋਲ ਦੌਰਾਨ ਡੱਲੇਵਾਲ ਦਾ ਇਲਾਜ ਤੋਂ ਇਨਕਾਰ

## ਪੰਜਾਬ ਸਰਕਾਰ ਦੇ ਉਪਰਾਲੇ ਤਣ-ਪੱਤਣ ਨਾ ਲੱਗੇ; ਸੁਪਰੀਮ ਕੋਰਟ 'ਚ ਮਾਮਲੇ 'ਤੇ ਸੁਣਵਾਈ ਅੱਜ



ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਦੇ ਸੀਨੀਅਰ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਸੁਪਰੀਮ ਕੋਰਟ ਵੱਲੋਂ ਡਾਕਟਰੀ ਸਹਾਇਤਾ ਦੇਣ ਲਈ ਤੈਅ ਕੀਤੀ ਸਮਾਂ ਸੀਮਾ ਖ਼ਤਮ ਹੋਣ ਤੋਂ ਐਨ ਪਹਿਲਾਂ ਕਿਸੇ ਵੀ ਤਰ੍ਹਾਂ ਦੀ ਡਾਕਟਰੀ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਉਧਰ ਕੇਂਦਰ ਸਰਕਾਰ ਨੇ ਵੀ ਜਥੇਬੰਦੀ ਨੂੰ ਗੱਲਬਾਤ ਦਾ ਸੱਦਾ ਦਿੱਤੇ ਜਾਣ ਤੋਂ ਟਾਲ-ਮਟੋਲ ਕਰਨੀ ਸ਼ੁਰੂ ਕਰ ਦਿੱਤੀ ਹੈ। ਬੇਸ਼ੱਕ ਅੱਜ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਅਮਲ 'ਚ ਲਿਆਉਣ ਲਈ ਉਪਰਾਲੇ ਕੀਤੇ ਪ੍ਰੰਤੂ ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਸਕੀ ਹੈ। ਸੁਪਰੀਮ ਕੋਰਟ ਵੱਲੋਂ ਡੱਲੇਵਾਲ ਨੂੰ ਇਲਾਜ ਕਰਾਉਣ ਲਈ ਪੰਜਾਬ ਸਰਕਾਰ ਨੂੰ ਦਿੱਤੀ ਮੋਹਲਤ ਅੱਜ ਖ਼ਤਮ ਹੋ ਗਈ ਹੈ ਅਤੇ ਇਸ ਮੁੱਦੇ 'ਤੇ ਸਿਖਰਲੀ ਅਦਾਲਤ 'ਚ ਭਲਕੇ ਸੁਣਵਾਈ ਹੋਵੇਗੀ।

ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਨੇ ਦੱਸਿਆ ਕਿ ਅੱਜ ਡੱਲੇਵਾਲ ਨੇ ਸਪੱਸ਼ਟ ਲਫ਼ਜ਼ਾਂ 'ਚ ਆਖ ਦਿੱਤਾ ਹੈ ਕਿ ਜੇ ਕੇਂਦਰ ਸਰਕਾਰ ਗੱਲਬਾਤ ਲਈ ਰਾਹ ਖੋਲ੍ਹਦੀ ਹੈ ਤਾਂ ਵੀ ਉਹ ਕੋਈ ਮੈਡੀਕਲ ਸਹਾਇਤਾ ਨਹੀਂ ਲੈਣਗੇ। ਕੋਟੜਾ ਨੇ ਦੱਸਿਆ ਕਿ ਅੱਜ ਵਿਚਾਰ-ਚਰਚਾ ਦੌਰਾਨ ਡੱਲੇਵਾਲ ਨੇ ਆਖਿਆ ਹੈ ਕਿ ਉਨ੍ਹਾਂ ਦਾ ਮਰਨ ਵਰਤ ਮੀਟਿੰਗ ਲਈ ਸਮਾਂ ਲੈਣ ਵਾਸਤੇ ਨਹੀਂ ਬਲਕਿ ਮੰਗਾਂ ਨੂੰ ਲਾਗੂ ਕਰਾਉਣ ਵਾਸਤੇ ਹੈ। ਉਨ੍ਹਾਂ ਦੱਸਿਆ ਕਿ ਦੂਸਰੇ ਸੂਬਿਆਂ ਦੇ ਕਿਸਾਨ ਆਗੂ ਵੀ ਸਮਰਥਨ ਵਿਚ ਮੋਰਚਿਆਂ 'ਤੇ ਪੁੱਜਣੇ ਸ਼ੁਰੂ ਹੋ ਗਏ ਹਨ।

ਦੋ ਦਿਨਾਂ ਤੋਂ ਪੰਜਾਬ ਸਰਕਾਰ ਨੂੰ ਉਮੀਦ ਸੀ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਦਾ ਰਾਹ ਖੋਲ੍ਹੇਗੀ ਪਰ ਹੁਣ ਇਹ ਆਸਾਰ ਮੱਧਮ ਪੈਣ ਲੱਗ ਪਏ ਹਨ। ਮੁੱਖ ਮੰਤਰੀ ਭਗਵੰਤ ਮਾਨ ਇਸ ਗੱਲ ਲਈ ਬਜ਼ਿੱਦ ਜਾਪਦੇ ਹਨ ਕਿ ਕਿਸਾਨਾਂ 'ਤੇ ਕਿਸੇ ਵੀ ਸੂਰਤ ਵਿਚ ਸਰਕਾਰ ਕੋਈ ਜ਼ਬਰਦਸਤੀ ਨਹੀਂ ਕਰੇਗੀ। ਇਸ ਦੌਰਾਨ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਦੇ ਅੱਜ ਦੇ ਬਿਆਨ 'ਤੇ ਨਜ਼ਰ ਮਾਰੀਏ ਤਾਂ ਇਹ ਸੰਕੇਤ ਮਿਲਦੇ ਹਨ ਕਿ ਕੇਂਦਰ ਆਪਣੇ ਤੌਰ 'ਤੇ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਨਹੀਂ ਕਰੇਗਾ। ਵੈਸ਼ਨਵ ਨੇ ਕਿਹਾ ਹੈ ਕਿ ਹਰਿਆਣਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਕਿਸਾਨਾਂ ਨੇ ਵਿਕਾਸ ਦੇ ਮੱਦੇਨਜ਼ਰ ਭਾਜਪਾ ਨੂੰ ਵੋਟਾਂ ਪਾਈਆਂ ਹਨ। ਦੂਜੇ ਪਾਸੇ ਦਿੱਲੀ 'ਚ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਡੱਲੇਵਾਲ ਦੇ ਚੱਲ ਰਹੇ ਮਰਨ ਵਰਤ ਦੇ ਸੰਦਰਭ ਵਿਚ ਕਿਹਾ ਕਿ ਕੇਂਦਰ ਸਰਕਾਰ ਇਸ ਮਾਮਲੇ 'ਤੇ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਪਾਲਣਾ ਕਰੇਗੀ ਅਤੇ ਉਸ ਅਨੁਸਾਰ ਹੀ ਕਦਮ ਚੁੱਕੇਗੀ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ 31 ਦਸੰਬਰ ਨੂੰ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਸੀ ਕਿ ਜੇ ਕੇਂਦਰ ਵੱਲੋਂ ਗੱਲਬਾਤ ਕਰਨ ਦੀ ਤਜਵੀਜ਼ ਨੂੰ ਸਵੀਕਾਰ ਕੀਤਾ ਜਾਂਦਾ ਹੈ ਤਾਂ ਡੱਲੇਵਾਲ ਡਾਕਟਰੀ ਸਹਾਇਤਾ ਲੈਣ ਲਈ ਸਹਿਮਤ ਹੋ ਜਾਣਗੇ। ਡੱਲੇਵਾਲ ਨੇ ਡਾਕਟਰੀ ਸਹਾਇਤਾ ਲੈਣ ਦੇ ਮਾਮਲੇ 'ਤੇ ਪੈਰ ਪਿਛਾਂਹ ਖਿੱਚ ਲਏ ਹਨ। ਖਨੌਰੀ ਮੋਰਚਾ 'ਤੇ ਵੀਰਵਾਰ ਨੂੰ ਕਿਸਾਨ ਆਗੂਆਂ ਦੀ ਮੀਟਿੰਗ ਵੀ ਹੋ ਰਹੀ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਵੱਲੋਂ ਖਨੌਰੀ ਮੋਰਚਾ ਨੂੰ ਹੁਣ ਕੌਮੀ ਨਕਸ਼ ਦੇਣ ਲਈ ਦੂਸਰੇ ਸੂਬਿਆਂ 'ਚੋਂ ਕਿਸਾਨ ਆਗੂ ਸੱਦਣੇ ਸ਼ੁਰੂ ਕਰ ਦਿੱਤੇ ਹਨ। ਖਨੌਰੀ ਮੋਰਚੇ 'ਤੇ ਅੱਜ ਕਰਨਾਟਕ, ਤਾਮਿਲਨਾਡੂ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਤੋਂ ਕਿਸਾਨ ਆਗੂ ਪੁੱਜੇ ਜਦੋਂ ਕਿ ਮੱਧ ਪ੍ਰਦੇਸ਼ ਤੋਂ ਕਿਸਾਨ ਆਗੂ ਭਲਕੇ ਆਉਣਗੇ। ਗੈਰ ਸਿਆਸੀ ਮੋਰਚਾ ਹੁਣ ਕੇਂਦਰ ਤੇ ਦਬਾਅ ਵਧਾ ਰਿਹਾ ਹੈ ਬਾਕੀ ਭਲਕੇ ਸੁਪਰੀਮ ਕੋਰਟ ਵਿਚ ਹੋਣ ਵਾਲੀ ਸੁਣਵਾਈ 'ਤੇ ਵੀ ਨਿਰਭਰ ਕਰੇਗਾ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS




100% NATURAL PRODUCT
PRODUCT OF CANADA

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।

ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿਚ ਵੀ ਮਦਦਗਾਰ ਹੈ।

ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।

ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr., Brampton
Indian Food Land, 45 Dusk Drive, Brampton

NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind

RAJPAL BRAR
Your Insurance Specialist
Call for Consultation
416-917-1456

Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
- Save Money ... with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.

✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS

NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਬੁਰੇ ਹੋਣ ਦਾ ਤਰਕਹੀਣ ਅਹਿਸਾਸ ( Stigma)‘





ਲੇਖਕ–
ਬਲਜਿੰਦਰ ਸੇਖਾ ਕੈਨੇਡਾ

**ਕੀ ਹੁੰਦਾ ਹੈ stigma**

ਕਿਸੇ ਵੀ ਵਿਅਕਤੀ ਤੇ ਸਮਾਜ ਵਿੱਚ ਵਿਚਰਨ ਸਮੇਂ ਉਹ ਮਾਨਸਿਕ ਤੌਰ ਤੇ ਕਈ ਸਮੱਸਿਆਵਾਂ ਨਾਲ ਜੂਝਦਾ ਰਹਿੰਦਾ ਹੈ। ਉਸ ਸਮੇਂ ਉਸਨੂੰ ਆਪਣੀ ਮਾਨਸਿਕ ਸਿਹਤ ਲਈ ਬਹੁਤ ਜ਼ਿਆਦਾ ਮੁਸ਼ਕਲ ਸਥਿਤੀ ਦਾ ਅਨੁਭਵ ਹੁੰਦਾ ਹੈ। ਅਸੀਂ ਪੰਜਾਬੀ ਲੋਕ ਆਪਣੇ ਦੇਸ਼ਾਂ ਤੋ ਸੰਯੁਕਤ ਪਰਿਵਾਰਾਂ (Joint families) ਤੋਂ ਆਏ ਹਾਂ ਉਸ ਸਮੇਂ ਅਸੀਂ ਰਲ ਕੇ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰ ਲੈਦੇਂ ਸੀ।ਪਰ ਪੱਛਮੀ ਮੁਲਕਾਂ ਵਿੱਚ ਅਸੀਂ ਆਤਮ ਨਿਰਭਰ ਹੋ ਗਏ ਹਾਂ। ਪਰ ਮਾਨਸਿਕ ਤੌਰ ਤੇ ਇਕੱਲੇ।

ਪੰਜਾਬੀ ਡਿਕਸ਼ਨਰੀ ਮੁਤਾਬਕ ਸਟਿਗਮਓ ਦਾ ਮਤਲਬ ਦਾਗ ਜਾਂ ਕਲੰਕ (ਧੱਬਾ) ਹੈ। ਜੋ ਲੋਕਾਂ ਨੂੰ ਆਪਣੇ ਆਪ ਤੇ ਲੱਗਣ ਦਾ ਡਰ ਰਹਿੰਦਾ ਹੈ। ਇਹ ਇੱਕ ਮਾਨਸਿਕ ਸਥਿਤੀ ਹੈ। ਜਿਸ ਨੂੰ ਆਪਣੇ ਆਪ ਤੇ ਧੱਬਾ ਲੱਗਣ ਵਾਲਾ ਵਿਅਕਤੀ ਸਹਿਜ ਮਹਿਸੂਸ ਨਹੀਂ ਕਰਦਾ । Satigma (ਧੱਬੇ) ਵਾਲਾ ਵਿਅਕਤੀ ਦੂਹਰੀ ਜਿੰਦਗੀ ਵਿੱਚ ਜੀਅ ਰਿਹਾ ਹੁੰਦਾ ਹੈ ।ਇੱਕ ਉਸਦੀ ਅੰਦਰੂਨੀ ਧੱਬੇ ਵਾਲੀ ਜਿੰਦਗੀ ਦੂਸਰੀ ਉਹ ਦੁਨੀਆਂ ਵਿੱਚ ਵਿਚਰਦਾ ਸਹਿਜ ਦਿਖਣ ਦੀ ਕੋਸ਼ਿਸ਼ ਕਰਦਾ ਹੈ। ਧੱਬਾ ਕਿਸੇ ਵਿਅਕਤੀ, ਸਮੂਹ, ਜਾਂ ਸੰਕਲਪ ਬਾਰੇ ਨਕਾਰਾਤਮਕ ਰਵੱਈਏ, ਵਿਸ਼ਵਾਸਾਂ ਜਾਂ ਧਾਰਨਾਵਾਂ ਨੂੰ ਦਰਸਾਉਂਦਾ ਹੈ, ਜੋ ਅਕਸਰ ਵਿਤਕਰੇ ਜਾਂ ਸਮਾਜਿਕ ਬੇਦਖਲੀ ਵੱਲ ਜਾਂਦਾ ਹੈ। ਇਹ ਆਮ ਤੌਰ 'ਤੇ ਮਾਨਸਿਕ ਬਿਮਾਰੀ, ਕੁਝ ਸਿਹਤ ਸਥਿਤੀਆਂ (ਜਿਵੇਂ HIV ਜਾਂ ਨਸ਼ਾ), ਨਸਲ, ਲਿੰਗ, ਜਿਨਸੀ ਰੁਝਾਨ, ਜਾਂ ਹੋਰ ਸਮਾਜਿਕ ਪਛਾਣਾਂ ਨਾਲ ਜੁੜਿਆ ਹੁੰਦਾ ਹੈ। ਕਲੰਕ ਲੱਗੇ ਵਿਅਕਤੀਆਂ ਦੇ ਸਵੈ-ਮਾਣ, ਤੰਦਰੁਸਤੀ, ਅਤੇ ਸਮਾਜ ਵਿੱਚ ਮਦਦ ਲੈਣ ਜਾਂ ਭਾਗ ਲੈਣ ਦੀ ਇੱਛਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਦਾਗ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੋ ਸਕਦਾ ਹੈ, ਅਤੇ ਇਹ ਅਕਸਰ ਵਿਅਕਤੀਗਤ ਅਤੇ ਸਮਾਜਕ ਪੱਧਰਾਂ 'ਤੇ ਕੰਮ ਕਰਦਾ ਹੈ। ਇੱਥੇ ਇਸਦੀਆਂ ਕਿਸਮਾਂ 'ਤੇ ਇੱਕ ਡੂੰਘੀ ਨਜ਼ਰ ਮਾਰੀਏ ਹੈ:

**1. ਕਲੰਕ ਦੀਆਂ ਕਿਸਮਾਂ •**

**ਜਨਤਕ ਕਲੰਕ:** ਕਿਸੇ ਵਿਅਕਤੀ ਜਾਂ ਸਮੂਹ ਪ੍ਰਤੀ ਆਮ ਲੋਕਾਂ ਦੁਆਰਾ ਰੱਖੀ ਗਈ ਨਕਾਰਾਤਮਕ ਧਾਰਨਾ। ਇਸ ਕਿਸਮ ਦਾ ਕਲੰਕ ਅਕਸਰ ਰੂੜ੍ਹੀਵਾਦੀ ਧਾਰਨਾਵਾਂ ਅਤੇ ਗਲਤ ਜਾਣਕਾਰੀ ਦੁਆਰਾ ਹੁੰਦਾ ਹੈ। ਉਦਾਹਰਨ ਲਈ, ਮਾਨਸਿਕ ਸਿਹਤ ਸਮੱਸਿਆਵਾਂ ਵਾਲੇ ਲੋਕਾਂ ਨੂੰ ਕਮਜ਼ੋਰ ਜਾਂ ਖ਼ਤਰਨਾਕ ਸਮਝਿਆ ਜਾ ਸਕਦਾ ਹੈ, ਅਸਲੀਅਤ ਬਹੁਤ ਜ਼ਿਆਦਾ ਗੁੰਝਲਦਾਰ ਹੋਣ ਦੇ ਬਾਵਜੂਦ ਕੰਪਲੈਕਸ ਰਹਿੰਦਾ ਹੈ ।

• **ਸਵੈ-ਕਲੰਕ: ਇਹ** ਉਦੋਂ ਵਾਪਰਦਾ ਹੈ ਜਦੋਂ ਵਿਅਕਤੀ ਉਹਨਾਂ ਨਕਾਰਾਤਮਕ ਵਿਚਾਰਾਂ ਜਾਂ ਰੂੜ੍ਹੀਵਾਦੀ ਧਾਰਨਾਵਾਂ ਨੂੰ ਅੰਦਰੂਨੀ ਰੂਪ ਦਿੰਦੇ ਹਨ ਜੋ ਸਮਾਜ ਉਹਨਾਂ ਬਾਰੇ ਰੱਖਦਾ ਹੈ। ਉਦਾਹਰਨ ਲਈ, ਡਿਪਰੈਸ਼ਨ ਵਾਲਾ ਵਿਅਕਤੀ ਸਮਾਜਿਕ ਸੰਦੇਸ਼ਾਂ ਦੇ ਕਾਰਨ ਸ਼ਰਮਿੰਦਾ ਜਾਂ ਅਯੋਗ ਮਹਿਸੂਸ ਕਰ ਸਕਦਾ ਹੈ ਜੋ ਮਾਨਸਿਕ ਬਿਮਾਰੀ ਨੂੰ ਕਮਜ਼ੋਰੀ ਜਾਂ ਅਸਫਲਤਾ ਦੇ ਬਰਾਬਰ ਸਮਝਦੇ ਹਨ।

• **ਢਾਂਚਾਗਤ ਕਲੰਕ:** ਇਹ ਸਮਾਜਕ ਨੀਤੀਆਂ ਨੂੰ ਦਰਸਾਉਂਦਾ ਹੈ ਜੋ ਕੁਝ ਸਮੂਹਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਉਦਾਹਰਨ ਲਈ, ਉਹ ਕਾਨੂੰਨ ਜੋ ਅਪਰਾਧਿਕ ਰਿਕਾਰਡ ਵਾਲੇ ਲੋਕਾਂ ਨੂੰ ਰੁਜ਼ਗਾਰ ਜਾਂ ਰਿਹਾਇਸ਼ ਤੱਕ ਪਹੁੰਚਣ ਤੋਂ ਰੋਕਦੇ ਹਨ, ਉਹ ਢਾਂਚਾਗਤ ਕਲੰਕ ਦਾ ਇੱਕ ਰੂਪ ਹੋ ਸਕਦੇ ਹਨ ਜੋ ਇਹਨਾਂ ਵਿਅਕਤੀਆਂ ਨੂੰ ਹੋਰ ਹਾਸ਼ੀਏ 'ਤੇ ਕਰ ਦਿੰਦੇ ਹਨ।

• **ਸ਼ਿਸ਼ਟਾਚਾਰ ਕਲੰਕ:** ਜਦੋਂ ਇੱਕ ਕਲੰਕਿਤ ਵਿਅਕਤੀ ਨਾਲ ਜੁੜੇ ਲੋਕ ਵੀ ਸਮਾਜਕ ਅਸਵੀਕਾਰ ਜਾਂ ਵਿਤਕਰੇ ਦਾ ਅਨੁਭਵ ਕਰਦੇ ਹਨ। ਉਦਾਹਰਨ ਲਈ, ਕਿਸੇ ਮਾਨਸਿਕ ਬਿਮਾਰੀ ਵਾਲੇ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਕਲੰਕਿਤ ਕੀਤਾ ਜਾ ਸਕਦਾ ਹੈ, ਸਿਰਫ਼ ਸੰਗਤ ਦੁਆਰਾ।

**2. ਕਲੰਕ ਦੇ ਨਤੀਜੇ •**

**ਸਮਾਜਿਕ ਅਲੱਗ-ਥਲੱਗਤਾ:** ਕਲੰਕਿਤ ਵਿਅਕਤੀਆਂ ਨੂੰ ਅਕਸਰ ਆਪਣੇ ਭਾਈਚਾਰਿਆਂ ਤੋਂ ਬੇਦਖਲੀ ਜਾਂ ਹਾਸ਼ੀਏ 'ਤੇ ਜਾਣ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਅਲੱਗ-ਥਲੱਗ ਹੋ ਜਾਂਦਾ ਹੈ। ਇਹ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ, ਕਿਉਂਕਿ ਸਮਾਜਿਕ ਸਬੰਧ ਤੰਦਰੁਸਤੀ ਲਈ ਮਹੱਤਵਪੂਰਨ ਹਨ।

• **ਵਿਤਕਰਾ:** ਕਲੰਕ ਵਿਤਕਰੇ ਭਰੇ ਵਿਵਹਾਰ ਕਰ ਸਕਦਾ ਹੈ, ਜਿਵੇਂ ਕਿ ਸੇਵਾਵਾਂ, ਮੌਕਿਆਂ, ਜਾਂ ਨਿਰਪੱਖ ਇਲਾਜ ਤੱਕ ਘੱਟ ਪਹੁੰਚ। ਉਦਾਹਰਨ ਲਈ, ੀੜ ਵਾਲੇ ਵਿਅਕਤੀਆਂ ਨੂੰ ਲੋਕਾਂ ਦੇ ਡਰ ਜਾਂ ਪੱਖਪਾਤ ਕਾਰਨ ਸਿਹਤ ਸੰਭਾਲ ਤੱਕ ਪਹੁੰਚ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅੰਦਰੂਨੀ ਸ਼ਰਮ ਅਤੇ ਘੱਟ ਸਵੈ-ਮਾਣ: ਜੋ ਲੋਕ ਕਲੰਕ ਨੂੰ ਅੰਦਰੂਨੀ ਬਣਾਉਂਦੇ ਹਨ, ਉਹ ਅਯੋਗ ਜਾਂ ਘਟੀਆ ਮਹਿਸੂਸ ਕਰ ਸਕਦੇ ਹਨ, ਮਾਨਸਿਕ ਸਿਹਤ ਸੰਘਰਸ਼ਾਂ, ਉਦਾਸੀ, ਚਿੰਤਾ, ਜਾਂ ਸਵੈ-ਵਿਨਾਸ਼ਕਾਰੀ ਵਿਵਹਾਰਾਂ ਵਿੱਚ ਯੋਗਦਾਨ ਪਾ ਸਕਦੇ ਹਨ।

**3. ਵੱਖ-ਵੱਖ ਸੰਦਰਭਾਂ ਵਿੱਚ ਕਲੰਕ**

• **ਮਾਨਸਿਕ ਸਿਹਤ:** ਮਾਨਸਿਕ ਸਿਹਤ ਸਥਿਤੀਆਂ ਵਾਲੇ ਲੋਕਾਂ ਨੂੰ ਅਕਸਰ "ਟੁੱਟੇ" ਜਾਂ "ਖਤਰਨਾਕ" ਵਜੋਂ ਦੇਖਿਆ ਜਾਂਦਾ ਹੈ, ਇਸ ਤੱਥ ਦੇ ਬਾਵਜੂਦ ਕਿ ਮਾਨਸਿਕ ਬਿਮਾਰੀਆਂ ਵਾਲੇ ਜ਼ਿਆਦਾਤਰ ਵਿਅਕਤੀ ਹਿੰਸਕ ਨਹੀਂ ਹੁੰਦੇ ਹਨ। ਇਸ ਖੇਤਰ ਵਿੱਚ ਕਲੰਕ ਵਿਅਕਤੀਆਂ ਨੂੰ ਮਦਦ ਲੈਣ ਜਾਂ ਇਲਾਜ ਦੀ ਪਾਲਣਾ ਕਰਨ ਤੋਂ ਰੋਕ ਸਕਦਾ ਹੈ।

• **HIV/ਏਡਜ਼:** ਕਈ ਸਭਿਆਚਾਰਾਂ ਵਿੱਚ, HIV/AIDS ਨੂੰ ਕੁਝ ਵਿਵਹਾਰਾਂ (ਉਦਾਹਰਨ ਲਈ, ਨਸ਼ੀਲੇ ਪਦਾਰਥਾਂ ਦੀ ਵਰਤੋਂ ਜਾਂ ਜਿਨਸੀ ਅਭਿਆਸਾਂ) ਨਾਲ ਸਬੰਧਾਂ ਕਾਰਨ ਕਲੰਕਿਤ ਕੀਤਾ ਜਾਂਦਾ ਹੈ, ਅਤੇ HIV ਨਾਲ ਨਿਦਾਨ ਕੀਤੇ ਵਿਅਕਤੀਆਂ ਨੂੰ ਸਿਹਤ ਸੰਭਾਲ ਸੈਟਿੰਗਾਂ ਦੇ ਅੰਦਰ ਵੀ ਮਹੱਤਵਪੂਰਨ ਵਿਤਕਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

• **ਲਤ:** ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਵਾਲੇ ਲੋਕ ਗਲਤ ਧਾਰਨਾਵਾਂ ਦੇ ਕਾਰਨ ਕਲੰਕਿਤ ਹੋ ਸਕਦੇ ਹਨ ਕਿ ਨਸ਼ਾ ਇੱਕ ਡਾਕਟਰੀ ਸਥਿਤੀ ਦੀ ਬਜਾਏ ਇੱਕ ਨੈਤਿਕ ਅਸਫਲਤਾ ਹੈ। ਇਹ ਕਲੰਕ ਵਿਅਕਤੀਆਂ ਨੂੰ ਮਦਦ ਮੰਗਣ ਅਤੇ ਉਚਿਤ ਇਲਾਜ ਪ੍ਰਾਪਤ ਕਰਨ ਤੋਂ ਰੋਕ ਸਕਦਾ ਹੈ। • LGBTQ+: LGBTQ+ ਵਿਅਕਤੀਆਂ ਨੂੰ ਸੱਭਿਆਚਾਰਕ ਜਾਂ ਧਾਰਮਿਕ ਵਿਸ਼ਵਾਸ਼ਾਂ ਵਿੱਚ ਜੜ੍ਹਾਂ ਵਾਲੇ ਕਲੰਕ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਅਕਸਰ ਵਿਤਕਰੇ, ਹਿੰਸਾ, ਜਾਂ ਬੇਦਖਲੀ ਦਾ ਨਤੀਜਾ ਹੁੰਦਾ ਹੈ। ਇਹ ਕਲੰਕ ਜਿਨਸੀ ਝੁਕਾਅ ਜਾਂ ਲਿੰਗ ਪਛਾਣ ਬਾਰੇ ਨੁਕਸਾਨਦੇਹ ਰਵੱਈਏ ਨਾਲ ਜੁੜਿਆ ਹੋਇਆ ਹੈ।

• **ਨਸਲੀ ਕਲੰਕ:** ਕੁਝ ਨਸਲੀ ਜਾਂ ਨਸਲੀ ਸਮੂਹਾਂ ਨੂੰ ਅਜਿਹੇ ਤਰੀਕਿਆਂ ਨਾਲ ਰੂੜੀਬੱਧ ਕੀਤਾ ਜਾ ਸਕਦਾ ਹੈ ਜਿਸ ਦੇ ਨਤੀਜੇ ਵਜੋਂ ਰੁਜ਼ਗਾਰ, ਸਿੱਖਿਆ, ਅਤੇ ਅਪਰਾਧਿਕ ਨਿਆਂ ਪ੍ਰਣਾਲੀ ਵਰਗੇ ਖੇਤਰਾਂ ਵਿੱਚ ਵਿਆਪਕ ਪੱਖਪਾਤ, ਪੱਖਪਾਤੀ ਅਭਿਆਸਾਂ ਅਤੇ ਅਸਮਾਨ ਵਿਵਹਾਰ ਹੁੰਦਾ ਹੈ।

**4. ਕਲੰਕ ਦਾ ਮੁਕਾਬਲਾ ਕਰਨਾ •**

**ਸਿੱਖਿਆ:** ਕਲੰਕ ਦਾ ਮੁਕਾਬਲਾ ਕਰਨ ਦੇ ਸਭ ਤੋਂ ਸ਼ਕਤੀਸ਼ਾਲੀ ਤਰੀਕਿਆਂ ਵਿੱਚੋਂ ਇੱਕ ਹੈ ਜਾਗਰੂਕਤਾ ਅਤੇ ਸਮਝ ਵਧਾਉਣਾ। ਲੋਕਾਂ ਨੂੰ ਮਾਨਸਿਕ ਸਿਹਤ, ਨਸ਼ਾਖੋਰੀ, ਅਤੇ ਹੋਰ ਕਲੰਕਿਤ ਮੁੱਦਿਆਂ ਬਾਰੇ ਜਾਗਰੂਕ ਕਰਨਾ ਗਲਤ ਧਾਰਨਾਵਾਂ ਨੂੰ ਚੁਣੌਤੀ ਦੇ ਸਕਦਾ ਹੈ ਅਤੇ ਡਰ ਨੂੰ ਘਟਾ ਸਕਦਾ ਹੈ। • **ਸਕਾਰਾਤਮਕ ਪ੍ਰਤੀਨਿਧਤਾ:** ਮੀਡੀਆ, ਸਾਹਿਤ, ਅਤੇ ਪੌਪ ਸੱਭਿਆਚਾਰ ਜਨਤਕ ਧਾਰਨਾ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕਲੰਕਿਤ ਸਮੂਹਾਂ ਦੇ ਸਕਾਰਾਤਮਕ ਚਿੱਤਰਣ, ਜਾਂ ਕਹਾਣੀਆਂ ਜੋ ਉਹਨਾਂ ਦੇ ਸੰਘਰਸ਼ਾਂ ਨੂੰ ਮਾਨਵੀਕਰਨ ਕਰਦੀਆਂ ਹਨ, ਇਹਨਾਂ ਮੁੱਦਿਆਂ ਨੂੰ ਆਮ ਬਣਾਉਣ ਅਤੇ ਸਮਾਜਿਕ ਰਵੱਈਏ ਨੂੰ ਬਦਲਣ ਵਿੱਚ ਮਦਦ ਕਰ ਸਕਦੀਆਂ ਹਨ।

• **ਸਹਾਇਤਾ ਨੈੱਟਵਰਕ:** ਸੁਰੱਖਿਅਤ ਥਾਵਾਂ ਪ੍ਰਦਾਨ ਕਰਨਾ ਜਿੱਥੇ ਵਿਅਕਤੀ ਆਪਣੇ ਤਜ਼ਰਬਿਆਂ 'ਤੇ ਚਰਚਾ ਕਰ ਸਕਦੇ ਹਨ, ਕਹਾਣੀਆਂ ਸਾਂਝੀਆਂ ਕਰ ਸਕਦੇ ਹਨ, ਅਤੇ ਇੱਕ ਦੂਜੇ ਨੂੰ ਸਹਾਇਤਾ ਦੀ ਪੇਸ਼ਕਸ਼ ਕਰ ਸਕਦੇ ਹਨ। ਅਲੱਗ-ਥਲੱਗ ਹੋਣ ਦੀਆਂ ਭਾਵਨਾਵਾਂ ਨੂੰ ਤੋੜਨ ਲਈ ਪੀਅਰ ਸਹਾਇਤਾ ਅਕਸਰ ਜ਼ਰੂਰੀ ਹੁੰਦੀ ਹੈ।

• **ਨੀਤੀ ਪਰਿਵਰਤਨ:** ਕਾਨੂੰਨੀ ਸੁਰੱਖਿਆ ਅਤੇ ਨੀਤੀ ਸੁਧਾਰਾਂ ਦੀ ਵਕਾਲਤ ਕਰਨਾ ਜੋ ਵਿਤਕਰੇ ਦਾ ਮੁਕਾਬਲਾ ਕਰਦੇ ਹਨ ਅਤੇ ਕਲੰਕਿਤ ਸਮੂਹਾਂ ਲਈ ਸਮਾਨਤਾ ਨੂੰ ਉਤਸ਼ਾਹਿਤ ਕਰਦੇ ਹਨ। ਇਸ ਵਿੱਚ ਹੈਲਥਕੇਅਰ ਤੱਕ ਪਹੁੰਚ ਦਾ ਵਿਸਤਾਰ ਕਰਨਾ, ਹਾਇਰਿੰਗ ਪ੍ਰਥਾਵਾਂ ਵਿੱਚ ਪੱਖਪਾਤ ਨੂੰ ਦੂਰ ਕਰਨਾ, ਅਤੇ ਸਮਾਜਿਕ ਸੇਵਾਵਾਂ ਵਿੱਚ ਸਮਾਨ ਵਿਵਹਾਰ ਨੂੰ ਯਕੀਨੀ ਬਣਾਉਣਾ ਸ਼ਾਮਲ ਹੋ ਸਕਦਾ ਹੈ।

5. ਕਲੰਕ ਅਤੇ ਮਾਨਸਿਕ ਸਿਹਤ ਕਲੰਕ ਅਤੇ ਮਾਨਸਿਕ ਸਿਹਤ ਦਾ ਲਾਂਘਾ ਖਾਸ ਤੌਰ 'ਤੇ ਮਹੱਤਵਪੂਰਨ ਹੈ। ਮਾਨਸਿਕ ਬਿਮਾਰੀ ਦੇ ਆਲੇ ਦੁਆਲੇ ਦੇ ਕਲੰਕ ਦੇ ਨਤੀਜੇ ਵਜੋਂ ਵਿਅਕਤੀ ਇਲਾਜ ਤੋਂ ਪਰਹੇਜ਼ ਕਰ ਸਕਦੇ ਹਨ ਜਾਂ ਮਦਦ ਦੀ ਲੋੜ ਤੋਂ ਇਨਕਾਰ ਕਰ ਸਕਦੇ ਹਨ। ਇਹ ਝਿਜਕ ਮਾਨਸਿਕ ਸਿਹਤ ਦੇ ਵਿਗੜਦੇ ਨਤੀਜਿਆਂ ਵੱਲ ਲੈ ਜਾ ਸਕਦੀ ਹੈ, ਕਿਉਂਕਿ ਇਲਾਜ ਨਾ ਕੀਤੇ ਜਾਣ ਵਾਲੀਆਂ ਸਥਿਤੀਆਂ ਵਧੇਰੇ ਗੰਭੀਰ ਲੱਛਣਾਂ ਜਾਂ ਪਦਾਰਥਾਂ ਦੀ ਦੁਰਵਰਤੋਂ ਵਰਗੇ ਸਹਿ-ਹੋਣ ਵਾਲੇ ਮੁੱਦਿਆਂ ਵਿੱਚ ਘੁੰਮ ਸਕਦੀਆਂ ਹਨ। ਇਸ ਤੋਂ ਇਲਾਵਾ, ਮਾਨਸਿਕ ਸਿਹਤ ਦੇ ਆਲੇ ਦੁਆਲੇ ਦਾ ਕਲੰਕ ਕਈ ਵਾਰ ਦੁੱਖਾਂ ਦੇ ਚੱਕਰ ਨੂੰ ਕਾਇਮ ਰੱਖ ਸਕਦਾ ਹੈ, ਜਿਸ ਨਾਲ ਵਿਅਕਤੀਆਂ ਲਈ ਆਪਣੀਆਂ ਸਥਿਤੀਆਂ ਨੂੰ ਠੀਕ ਕਰਨਾ ਜਾਂ ਪ੍ਰਬੰਧਨ ਕਰਨਾ ਮੁਸ਼ਕਲ ਹੋ ਜਾਂਦਾ ਹੈ। ਮਾਨਸਿਕ ਸਿਹਤ ਬਾਰੇ ਵਧੇਰੇ ਖੁੱਲ੍ਹੀ ਵਿਚਾਰ-ਵਟਾਂਦਰੇ ਵੱਲ ਇੱਕ ਤਬਦੀਲੀ, ਵਿਆਪਕ ਸਮਾਜਿਕ ਸਵੀਕ੍ਰਿਤੀ ਦੇ ਨਾਲ, ਇਹਨਾਂ ਰੁਕਾਵਟਾਂ ਨੂੰ ਦੂਰ ਕਰਨ ਦੀ ਕੁੰਜੀ ਹੈ।

6. ਕਲੰਕ ਅਤੇ ਅੰਤਰ-ਵਿਭਾਜਨਤਾ ਇਹ ਪਛਾਣਨਾ ਮਹੱਤਵਪੂਰਨ ਹੈ ਕਿ ਕਲੰਕ ਨੂੰ ਸੰਯੁਕਤ ਕੀਤਾ ਜਾ ਸਕਦਾ ਹੈ ਜਦੋਂ ਵਿਅਕਤੀ ਕਈ ਹਾਸ਼ੀਏ ਵਾਲੇ ਸਮੂਹਾਂ ਨਾਲ ਸਬੰਧਤ ਹੁੰਦੇ ਹਨ। ਉਦਾਹਰਨ ਲਈ, ਇੱਕ ਮਾਨਸਿਕ ਸਿਹਤ ਸਥਿਤੀ ਵਾਲੀ ਇੱਕ ਕਾਲੀ ਔਰਤ ਨੂੰ ਉਸਦੀ ਨਸਲ, ਲਿੰਗ, ਅਤੇ ਮਾਨਸਿਕ ਸਿਹਤ ਸਥਿਤੀ ਨਾਲ ਸਬੰਧਤ ਕਲੰਕ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਨ੍ਹਾਂ ਵਿੱਚੋਂ ਹਰ ਇੱਕ ਅਜਿਹੇ ਤਰੀਕਿਆਂ ਨਾਲ ਗੱਲਬਾਤ ਕਰ ਸਕਦੀ ਹੈ ਜੋ ਉਸਦੇ ਵਿਤਕਰੇ ਦੇ ਅਨੁਭਵਾਂ ਨੂੰ ਮਿਸ਼ਰਤ ਕਰ ਸਕਦੀ ਹੈ। ਅੰਤਰ-ਵਿਭਾਗਤਾ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਕਿਵੇਂ ਕਲੰਕ ਅਤੇ ਵਿਤਕਰੇ ਦੇ ਵੱਖ-ਵੱਖ ਰੂਪਾਂ ਨੂੰ ਇਕ ਦੂਜੇ ਨਾਲ ਮਿਲਾਉਂਦੇ ਹਨ ਅਤੇ ਵਿਅਕਤੀਆਂ ਲਈ ਵਿਲੱਖਣ ਅਨੁਭਵ ਪੈਦਾ ਕਰਦੇ ਹਨ। ਸਿੱਟਾ ਕਲੰਕ ਸਮਾਜ ਵਿੱਚ ਇੱਕ ਸ਼ਕਤੀਸ਼ਾਲੀ ਅਤੇ ਨੁਕਸਾਨਦੇਹ ਸ਼ਕਤੀ ਹੈ ਜੋ ਇੱਕ ਵਿਅਕਤੀ ਦੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਉਹਨਾਂ ਦੇ ਸਵੈ-ਚਿੱਤਰ ਤੋਂ ਲੈ ਕੇ ਉਹਨਾਂ ਦੀ ਸਫਲਤਾ ਅਤੇ ਖੁਸ਼ੀ ਦੇ ਮੌਕਿਆਂ ਤੱਕ। ਕਲੰਕ ਦਾ ਮੁਕਾਬਲਾ ਕਰਨ ਲਈ ਹਾਨੀਕਾਰਕ ਰੂੜ੍ਹੀਵਾਦੀ ਧਾਰਨਾਵਾਂ ਨੂੰ ਚੁਣੌਤੀ ਦੇਣ, ਸਮਝ ਨੂੰ ਉਤਸ਼ਾਹਿਤ ਕਰਨ ਅਤੇ ਸਹਾਇਕ ਪ੍ਰਣਾਲੀਆਂ ਨੂੰ ਬਣਾਉਣ ਲਈ ਸਮੂਹਿਕ ਯਤਨਾਂ ਦੀ ਲੋੜ ਹੁੰਦੀ ਹੈ। ਸਮਾਵੇਸ਼ਤਾ ਅਤੇ ਹਮਦਰਦੀ ਨੂੰ ਉਤਸ਼ਾਹਿਤ ਕਰਕੇ, ਅਸੀਂ ਇੱਕ ਹੋਰ ਸਵੀਕਾਰ ਕਰਨ ਵਾਲੇ ਸਮਾਜ ਵੱਲ ਕੰਮ ਕਰ ਸਕਦੇ ਹਾਂ ਜਿੱਥੇ ਲੋਕਾਂ ਨੂੰ ਉਹਨਾਂ ਦੇ ਮਤਭੇਦਾਂ ਦੁਆਰਾ ਪਰਿਭਾਸ਼ਿਤ ਨਹੀਂ ਕੀਤਾ ਜਾਂਦਾ ਹੈ ਪਰ ਉਹਨਾਂ ਲਈ ਗਲੇ ਲਗਾਇਆ ਜਾਂਦਾ ਹੈ ਕਿ ਉਹ ਕੌਣ ਹਨ। ਕਲੰਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਅਤੇ ਦੂਰ ਕਰਨ ਲਈ, ਇੱਕ ਬਹੁ-ਪੱਖੀ ਪਹੁੰਚ ਅਪਣਾਉਣੀ ਜ਼ਰੂਰੀ ਹੈ ਜੋ ਇਸਦੇ ਕਾਰਨਾਂ ਅਤੇ ਇਸਦੇ ਨਤੀਜਿਆਂ ਦੋਵਾਂ ਨਾਲ ਨਜਿੱਠਦਾ ਹੈ। ਇੱਥੇ ਸੰਭਾਵੀ ਹੱਲਾਂ ਦੀ ਇੱਕ ਵੰਡ ਹੈ:

**1. ਜਨਤਕ ਸਿੱਖਿਆ ਅਤੇ ਜਾਗਰੂਕਤਾ •**

**ਜਾਗਰੂਕਤਾ ਵਧਾਉਣਾ:** ਜਨਤਕ ਸਿੱਖਿਆ ਮੁਹਿੰਮਾਂ ਨੂੰ ਮਿੱਥਾਂ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ। ਇਹਨਾਂ ਮੁਹਿੰਮਾਂ ਨੂੰ ਮਾਨਸਿਕ ਸਿਹਤ, ਨਸ਼ਾਖੋਰੀ, ਅਤੇ ਹੋਰ ਕਲੰਕਿਤ ਸਥਿਤੀਆਂ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ, ਤੱਥਾਂ 'ਤੇ ਕੇਂਦ੍ਰਤ ਕਰਦੇ ਹੋਏ ਅਤੇ ਚੁਣੌਤੀਪੂਰਨ ਰੂੜ੍ਹੀਵਾਦੀ ਧਾਰਨਾਵਾਂ।

• **ਹਮਦਰਦੀ ਨੂੰ ਉਤਸ਼ਾਹਿਤ ਕਰਨਾ:** ਕਹਾਣੀ ਸੁਣਾਉਣ ਅਤੇ ਨਿੱਜੀ ਖਾਤਿਆਂ ਰਾਹੀਂ ਹਮਦਰਦੀ ਨੂੰ ਵਧਾਉਣਾ ਕਲੰਕਿਤ ਵਿਅਕਤੀਆਂ ਨੂੰ ਮਾਨਵੀਕਰਨ ਵਿੱਚ ਮਦਦ ਕਰਦਾ ਹੈ। ਜਦੋਂ ਲੋਕ ਦੂਜਿਆਂ ਦੇ ਤਜ਼ਰਬਿਆਂ ਨੂੰ ਦੇਖਦੇ ਹਨ-ਖਾਸ ਤੌਰ 'ਤੇ ਉਹੋ ਜਿਹੇ ਸੰਘਰਸ਼ਾਂ ਵਾਲੇ-ਉਹ ਆਪਣੇ ਪੂਰਵ-ਸੰਕਲਪ ਧਾਰਨਾਵਾਂ ਨੂੰ ਚੁਣੌਤੀ ਦੇਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ।

**2. ਨੀਤੀ ਅਤੇ ਕਨੂੰਨੀ ਸੁਧਾਰ • ਵਿਤਕਰੇ ਦੇ ਖਿਲਾਫ ਕਾਨੂੰਨ:** ਅਜਿਹੇ ਕਾਨੂੰਨ ਬਣਾਉਣਾ ਜੋ ਹਾਸ਼ੀਏ 'ਤੇ ਰਹਿ ਗਏ ਸਮੂਹਾਂ ਨੂੰ ਰੁਜ਼ਗਾਰ, ਰਿਹਾਇਸ਼ ਅਤੇ ਸਿਹਤ ਸੰਭਾਲ ਵਰਗੇ ਖੇਤਰਾਂ ਵਿੱਚ ਵਿਤਕਰੇ ਤੋਂ ਬਚਾਉਂਦੇ ਹਨ। ਮਾਨਸਕ ਸਿਹਤ ਮੁੱਦਿਆਂ, ਨਸ਼ਾਖੋਰੀ, ਜਾਂ HIV ਦੇ ਕਾਰਨ ਕਲੰਕ ਦਾ ਸਾਹਮਣਾ ਕਰ ਰਹੇ ਲੋਕਾਂ ਤੱਕ ਕਾਨੂੰਨੀ ਸੁਰੱਖਿਆਵਾਂ ਦਾ ਵਿਸਥਾਰ ਕਰਨਾ ਚਾਹੀਦਾ ਹੈ, ਅਧਿਕਾਰਾਂ ਅਤੇ ਮੌਕਿਆਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਂਦੇ ਹੋਏ।

• **ਸੰਮਲਿਤ ਹੈਲਥਕੇਅਰ ਨੀਤੀਆਂ:** ਹੈਲਥਕੇਅਰ ਪ੍ਰਣਾਲੀਆਂ ਨੂੰ ਅਜਿਹੀਆਂ ਨੀਤੀਆਂ ਲਾਗੂ ਕਰਨੀਆਂ ਚਾਹੀਦੀਆਂ ਹਨ ਜੋ ਕਲੰਕਿਤ ਆਬਾਦੀ ਦੀਆਂ ਲੋੜਾਂ ਨੂੰ ਸੰਬੋਧਿਤ ਕਰਦੀਆਂ ਹਨ, ਬਰਾਬਰ ਇਲਾਜ ਅਤੇ ਦੇਖਭਾਲ ਤੱਕ ਪਹੁੰਚ ਨੂੰ ਯਕੀਨੀ ਬਣਾਉਂਦੀਆਂ ਹਨ। ਮਾਨਸਿਕ ਸਿਹਤ ਸੇਵਾਵਾਂ, ਉਦਾਹਰਨ ਲਈ, ਵਿਆਪਕ ਤੌਰ 'ਤੇ ਉਪਲਬਧ, ਪਹੁੰਚਯੋਗ ਅਤੇ ਵਿਤਕਰੇ ਤੋਂ ਮੁਕਤ ਹੋਣੀਆਂ ਚਾਹੀਦੀਆਂ ਹਨ।

**3. ਸਸ਼ਕਤੀਕਰਨ ਅਤੇ ਸਹਾਇਤਾ ਨੈੱਟਵਰਕ • ਭਾਈਚਾਰਕ ਸਹਾਇਤਾ:** ਸਹਾਇਤਾ ਸਮੂਹਾਂ ਅਤੇ ਸੁਰੱਖਿਅਤ ਸਥਾਨਾਂ ਦੀ ਸਥਾਪਨਾ ਕਰਨਾ ਜਿੱਥੇ ਵਿਅਕਤੀ ਆਪਣੇ ਤਜ਼ਰਬਿਆਂ ਬਾਰੇ ਖੁੱਲ੍ਹ ਕੇ ਗੱਲ ਕਰ ਸਕਦੇ ਹਨ ਮਹੱਤਵਪੂਰਨ ਹੈ। ਕੌਂਸਲਿੰਗ ਸਹਾਇਤਾ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਹੋ ਸਕਦੀ ਹੈ, ਕਿਉਂਕਿ ਜਿਨ੍ਹਾਂ ਵਿਅਕਤੀਆਂ ਨੇ ਖੁਦ ਕਲੰਕ ਦਾ ਅਨੁਭਵ ਕੀਤਾ ਹੈ, ਉਹ ਸਮਝ ਅਤੇ ਮਾਰਗਦਰਸ਼ਨ ਪ੍ਰਦਾਨ ਕਰ ਸਕਦੇ ਹਨ।

• **ਸਲਾਹਕਾਰ ਅਤੇ ਵਕਾਲਤ:** ਕਲੰਕਿਤ ਸਮੂਹਾਂ ਲਈ ਸਲਾਹ-ਮਸ਼ਵਰਾ ਕਰਨ ਵਾਲੇ ਪ੍ਰੋਗਰਾਮਾਂ-ਖਾਸ ਕਰਕੇ ਸਕੂਲਾਂ, ਕਾਰਜ ਸਥਾਨਾਂ, ਜਾਂ ਰਿਕਵਰੀ ਪ੍ਰੋਗਰਾਮਾਂ ਵਿੱਚ-ਵਿਅਕਤੀਆਂ ਨੂੰ ਵਿਸ਼ਵਾਸ ਪੈਦਾ ਕਰਨ, ਉਨ੍ਹਾਂ ਦੀ ਆਵਾਜ਼ ਲੱਭਣ, ਅਤੇ ਕਲੰਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੈਵੀਗੇਟ ਕਰਨ ਵਿੱਚ ਮਦਦ ਕਰ ਸਕਦੇ ਹਨ। ਕਲੰਕ ਦੇ ਜਿਉਂਦੇ ਤਜ਼ਰਬੇ ਵਾਲੇ ਲੋਕਾਂ ਦੀ ਅਗਵਾਈ ਵਿੱਚ ਵਕਾਲਤ ਦੇ ਯਤਨ ਹਾਸ਼ੀਏ 'ਤੇ ਪਏ ਸਮੂਹਾਂ ਦੀਆਂ ਆਵਾਜ਼ਾਂ ਨੂੰ ਵੀ ਵਧਾ ਸਕਦੇ ਹਨ।

**4. ਮੀਡੀਆ ਵਿੱਚ ਸਕਾਰਾਤਮਕ ਪ੍ਰਤੀਨਿਧਤਾ • ਮੀਡੀਆ ਮੁਹਿੰਮਾਂ:** ਮੀਡੀਆ ਜਨਤਕ ਧਾਰਨਾਵਾਂ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਕਲੰਕਿਤ ਵਿਅਕਤੀਆਂ ਦੇ ਸਕਾਰਾਤਮਕ ਚਿੱਤਰਣ - ਚਾਹੇ ਟੀਵੀ ਸ਼ੋਅ, ਫਿਲਮਾਂ, ਜਾਂ ਸੋਸ਼ਲ ਮੀਡੀਆ ਰਾਹੀਂ - ਰੂੜ੍ਹੀਵਾਦੀ ਧਾਰਨਾਵਾਂ ਨੂੰ ਤੋੜਨ ਅਤੇ ਨੁਕਸਾਨਦੇਹ ਬਿਰਤਾਂਤਾਂ ਨੂੰ ਚੁਣੌਤੀ ਦੇਣ ਵਿੱਚ ਮਦਦ ਕਰ ਸਕਦੇ ਹਨ। ਟੀਚਾ ਇਹ ਦਿਖਾਉਣਾ ਹੈ ਕਿ ਲੋਕ ਉਨ੍ਹਾਂ ਨਾਲ ਜੁੜੇ ਕਲੰਕ ਤੋਂ ਵੱਧ ਹਨ ਅਤੇ ਉਨ੍ਹਾਂ ਦੀਆਂ ਸ਼ਕਤੀਆਂ, ਲਚਕੀਲੇਪਣ ਅਤੇ ਮਨੁੱਖਤਾ ਨੂੰ ਉਜਾਗਰ ਕਰਦੇ ਹਨ।

• **ਨੁਮਾਇੰਦਗੀ ਦੇ ਮਾਮਲੇ:** ਮੀਡੀਆ ਦੇ ਸਾਰੇ ਰੂਪਾਂ ਵਿੱਚ ਵਿਭਿੰਨ ਪ੍ਰਤੀਨਿਧਤਾ - ਭਾਵੇਂ ਇਹ ਨਸਲ, ਮਾਨਸਿਕ ਸਿਹਤ, ਲਿੰਗ, ਜਾਂ ਲਿੰਗਕਤਾ ਹੋਵੇ - ਇਹਨਾਂ ਅਨੁਭਵਾਂ ਨੂੰ ਆਮ ਬਣਾਉਣ ਵਿੱਚ ਮਦਦ ਕਰਦੀ ਹੈ ਅਤੇ ਕਲੰਕ ਨੂੰ ਘਟਾਉਂਦੀ ਹੈ। ਸਮਾਜ ਕਲੰਕਿਤ ਵਿਅਕਤੀਆਂ ਨੂੰ ਗੁੰਝਲਦਾਰ, ਬਹੁਪੱਖੀ ਤਰੀਕਿਆਂ ਨਾਲ ਦੇਖਣ ਦੀ ਇਜਾਜ਼ਤ ਦਿੰਦਾ ਹੈ।

**5. ਪੇਸ਼ੇਵਰਾਂ ਲਈ ਸਿਖਲਾਈ ਅਤੇ ਸਿੱਖਿਆ • ਹੈਲਥਕੇਅਰ ਪ੍ਰਦਾਤਾਵਾਂ ਲਈ ਸਿਖਲਾਈ:** ਸਿਹਤ ਸੰਭਾਲ ਪੇਸ਼ੇਵਰਾਂ, ਖਾਸ ਤੌਰ 'ਤੇ ਮਾਨਸਿਕ ਸਿਹਤ, ਨਸ਼ਾਖੋਰੀ, ਅਤੇ HIV ਦੇਖਭਾਲ ਵਿੱਚ, ਨੂੰ ਸੱਭਿਆਚਾਰਕ ਯੋਗਤਾ ਅਤੇ ਕਲੰਕ ਘਟਾਉਣ ਵਿੱਚ ਸਿਖਲਾਈ ਪ੍ਰਾਪਤ ਕਰਨੀ ਚਾਹੀਦੀ ਹੈ। ਉਹਨਾਂ ਨੂੰ ਮਰੀਜਾਂ ਦੀ ਸਿਹਤ ਦੀ ਸਥਿਤੀ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਉਹਨਾਂ ਨੂੰ ਸਨਮਾਨ, ਸਮਝ ਅਤੇ ਸਤਿਕਾਰ ਨਾਲ ਇਲਾਜ ਕਰਨ ਲਈ ਗਿਆਨ ਨਾਲ ਲੈਸ ਹੋਣਾ ਚਾਹੀਦਾ ਹੈ।

• **ਕੰਮ ਵਾਲੀ ਥਾਂ 'ਤੇ ਵਿਭਿੰਨਤਾ ਅਤੇ ਸ਼ਾਮਲ ਕਰਨ ਦੀ ਸਿਖਲਾਈ:** ਰੁਜ਼ਗਾਰਦਾਤਾਵਾਂ ਅਤੇ ਸਟਾਫ ਨੂੰ ਵਿਭਿੰਨਤਾ, ਸ਼ਮੂਲੀਅਤ, ਅਤੇ ਕਲੰਕ ਘਟਾਉਣ ਬਾਰੇ ਸਿਖਲਾਈ ਪ੍ਰਾਪਤ ਕਰਨੀ ਚਾਹੀਦੀ ਹੈ। ਸਮਾਵੇਸ਼ੀ ਕੰਮ ਵਾਲੀ ਥਾਂ ਦੇ ਵਾਤਾਵਰਨ ਬਣਾਉਣਾ ਜਿੱਥੇ ਕਰਮਚਾਰੀ ਭੇਦਭਾਵ ਦੇ ਡਰ ਤੋਂ ਬਿਨਾਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ, ਸੰਗਠਨਾਤਮਕ ਪੱਧਰ 'ਤੇ ਕਲੰਕ ਦਾ ਮੁਕਾਬਲਾ ਕਰ ਸਕਦੇ ਹਨ।

**6. ਮਾਨਸਿਕ ਸਿਹਤ ਬਾਰੇ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ • ਚੁੱਪ ਤੋੜਨਾ:** ਕਲੰਕ ਦਾ ਮੁਕਾਬਲਾ ਕਰਨ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਹੈ ਮਾਨਸਿਕ ਸਿਹਤ ਬਾਰੇ ਗੱਲਬਾਤ ਨੂੰ ਆਮ ਬਣਾਉਣਾ। ਸਕੂਲ, ਕੰਮ ਕਰਨ ਵਾਲੀਆਂ ਥਾਵਾਂ, ਅਤੇ ਕਮਿਊਨਿਟੀ ਖੁੱਲ੍ਹੇ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰ ਸਕਦੇ ਹਨ, ਜਿਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਮਾਨਸਿਕ ਸਿਹਤ ਦੇ ਸੰਘਰਸ਼ ਸਰੀਰਕ ਸਿਹਤ ਚੁਣੌਤੀਆਂ ਵਾਂਗ ਹੀ ਜਾਇਜ਼ ਹਨ।

• **ਜਨਤਕ ਹਸਤੀਆਂ ਬੋਲਦੀਆਂ ਹਨ:** ਜਦੋਂ ਜਨਤਕ ਸ਼ਖਸੀਅਤਾਂ—ਚਾਹੇ ਮਸ਼ਹੂਰ ਹਸਤੀਆਂ, ਸਿਆਸਤਦਾਨ, ਜਾਂ ਪ੍ਰਭਾਵਕ—ਮਾਨਸਿਕ ਸਿਹਤ ਜਾਂ ਹੋਰ ਕਲੰਕਿਤ ਮੁੱਦਿਆਂ ਬਾਰੇ ਆਪਣੇ ਤਜ਼ਰਬਿਆਂ ਬਾਰੇ ਖੁੱਲ੍ਹ ਕੇ ਗੱਲ ਕਰਦੇ ਹਨ, ਤਾਂ ਇਹ ਸ਼ਰਮ ਅਤੇ ਇਕੱਲਤਾ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ ਜੋ ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ। ਇਹ ਇਹ ਵੀ ਸੰਕੇਤ ਦਿੰਦਾ ਹੈ ਕਿ ਇਹਨਾਂ ਮੁੱਦਿਆਂ ਨੂੰ ਲੁਕਾਇਆ ਜਾਂ ਅਣਡਿੱਠ ਨਹੀਂ ਕੀਤਾ ਜਾਣਾ ਚਾਹੀਦਾ ਹੈ।

CANADIAN TRUCK TRAINING CENTRE





ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਨਵਾਂ ਸਾਲ...




ਸਿਆਣੇ ਕਹਿੰਦੇ ਆ,ਨਵਾਂ ਸਾਲ ਹਰੇਕ 31 ਦਿਸੰਬਰ ਦੀ ਰਾਤ ਨੂੰ 12 ਵਜੇ ਤੋਂ ਬਾਅਦ ਆਉਂਦਾ ਸੁਣਿਆ ਹੈ। ਹਰੇਕ ਵਰੇ ਦੀ ਜਿੰਦਗੀ ਘੱਟ ਵੱਧ ਐ। ਨਵੇਂ ਸਾਲ ਤੇ ਉਹੀ ਲੋਕ, ਉਹੀ ਕੰਮਕਾਰ, ਉਹੀ ਸੋਚ ਹੁੰਦੀ ਏ। ਹਾਂ ਨਵੇਂ ਸਾਲ ਦੀ ਆਉ ਭਗਤ ਲਈ ਲੋਕ ਆਪਣੇ ਦਿਮਾਗ ਦੀ ਵਰਤੋਂ ਕਰਦੇ ਹਨ। ਕਈ ਲੋਕ ਨੱਚ ਟੱਪ ਕੇ, ਕਈ ਲੋਕ ਧਾਰਮਿਕ ਸਮਾਗਮ ਕਰਕੇ, ਕਈ ਲੋਕ ਕਲੱਬਾਂ ਵਿਚ ਮੌਜ ਮਸਤੀ ਕਰਕੇ, ਕਈ ਲੋਕ ਦਿਲ ਦਿਮਾਗ ਵਿੱਚ ਨਹੀ ਰੱਖਦੇ,ਕਈ ਲੋਕ ਪੈਸੇ ਦਾ ਦੁਰਉਪਯੋਗ ਕਰਕੇ,ਕਈ ਲੋਕ ਘੂਕ ਨੀਂਦਰ ਲੈ ਕੇ ਸਵਾਗਤ ਕਰਦੇ ਹਨ। ਚੱਲ ਕਿਸੇ ਤਰੀਕੇ ਨਾਲ ਈ ਸਹੀ।

ਟੈਲੀਵਿਜ਼ਨ ਚੈਨਲ ਵਾਲੇ ਵੀ ਸਪੈਸ਼ਲ ਪ੍ਰੋਗਰਾਮ ਦਿੰਦੇ ਹਨ। ਕਈ ਲੋਕ ਬੰਬ ਪਟਾਕੇ ਚਲਾਉਂਦੇ ਹਨ। ਕਈ ਧਾਰਮਿਕ ਸਥਾਨ ਤੇ ਕੀਰਤਨ ਦਰਬਾਰ ਸਜਾਉਂਦੇ ਹਨ। ਜਿਆਦਾਤਰ ਲੋਕ ਵਟਸਐਪ ਰਾਂਹੀ ਵਧਾਈ ਸੰਦੇਸ਼ ਦਿੰਦੇ ਹਨ। ਪੁਰਾਤਨ ਸਮੇਂ ਵਿੱਚ ਹੋਈਆਂ ਕੁਰੀਤੀਆਂ ਵਿਰੁੱਧ ਨਵੇਂ ਸਾਲ ਵਿਚ ਡਟਣ ਦਾ ਪ੍ਰਣ ਕਰੀਏ। ਮਨੁੱਖ ਨੂੰ ਆਪਣੇ ਅੰਦਰੋਂ ਬੁਰਾਈਆਂ ਖਿਲਾਫ ਲੜਨ ਦਾ ਐਲਾਨ ਕਰਨਾ ਚਾਹੀਦਾ ਹੈ।ਗਰੀਬ ਵਰਗ ਦੀ ਬਾਂਹ ਫੜਨ ਦਾ ਯਤਨ ਕਰਨਾ ਚਾਹੀਦਾ ਹੈ।ਪ੍ਰਮਾਤਮਾ ਨੂੰ ਹਾਜ਼ਰ ਮੰਨ ਕੇ ਸਮਾਜ ਦੀ ਭਲਾਈ ਲਈ ਅਤੇ ਹਰੇਕ ਕਿਸਮ ਦੇ ਧੱਕੇ ਖਿਲਾਫ ਲੜਨ ਦਾ ਪ੍ਰਣ ਕਰੀਏ। ਸੱਭਿਅਕ ਮਨੁੱਖ ਬਨਣ ਦਾ ਪ੍ਰਣ ਲੈ ਕੇ ਨਵੇਂ ਸਾਲ ਤੋਂ ਜਿੰਦਗੀ ਦੀ ਸ਼ੁਰੂਆਤ ਕਰੀਏ। ਇਸ ਢੰਗ ਨਾਲ ਨਵੇਂ ਸਾਲ ਦੀ ਆਮਦ ਕਰਕੇ ਵਧਾਈ ਦੇਣ ਵਾਲੇ ਬਣੀਏ।



ਹਰਜਿੰਦਰ ਸਿੰਘ, ਖੰਨਾ
62805-89127

# ਹਰੇਕ ਗੱਲ ਦੇ ਕਈ ਪਹਿਲੂ ਹੋ ਸਕਦੇ ਹਨ?



ਸੁਕਰਾਤ ਦੱਸਦਾ ਹੈ ਕਿ ਜਦੋਂ ਉਹ ਛੋਟਾ ਸੀ, ਮੈਨੂੰ ਸਵੇਰੇ ਜਲਦੀ ਉੱਠਣਾ ਪਸੰਦ ਨਹੀਂ ਸੀ ਤੇ ਮੇਰੀ ਮਾਂ ਨੂੰ ਇਹ ਗੱਲ ਪਸੰਦ ਨਹੀਂ ਸੀ ਕਿਉਕਿ ਉਹਨੂੰ ਲਗਦਾ ਸੀ ਕਿ ਇੱਕ ਅਮੀਰ ਤੇ ਕਾਮਯਾਬ ਵਪਾਰੀ ਬਣਨ ਲਈ ਜਲਦੀ ਉੱਠਣਾ ਜਰੂਰੀ ਸੀ। ਉਸਨੇ ਇੱਕ ਦਿਨ ਮੇਰੇ ਅਧਿਆਪਕ ਨੂੰ ਕਿਹਾ ਕਿ ਉਹ ਮੈਨੂੰ ਸਵੇਰੇ ਜਲਦੀ ਉੱਠਣ ਦੇ ਫਾਇਦੇ ਸਮਝਾਵੇ। ਅਧਿਆਪਕ ਨੇ ਕਿਹਾ, ‘ ’ਸੁਕਰਾਤ ਮੈਂ ਤੈਨੂੰ ਇੱਕ ਸੁੰਦਰ ਕਹਾਣੀ ਸੁਣਾਵਾਂਗਾ। ਜੇ ਤੂੰ ਮੈਨੂੰ ਦੱਸੀਂ ਕਿ ਇਸਤੋਂ ਕੀ ਸਿੱਖਿਆ ਮਿਲੀ।"

ਸੁਕਰਾਤ ਨੇ ਕਿਹਾ, ‘ ’ਠੀਕ ਹੈ।"

ਅਧਿਆਪਕ ਨੇ ਕਿਹਾ ,"ਦੋ ਪੰਛੀ ਸਨ, ਇੱਕ ਸਵੇਰੇ ਜਲਦੀ ਉੱਠਦਾ ਸੀ ਤੇ ਕੀੜੇ ਖਾ ਲੈਂਦਾ ਸੀ, ਤੇ ਬੱਚਿਆਂ ਨੂੰ ਵੀ ਖਵਾ ਦਿੰਦਾ ਸੀ। ਦੂਸਰਾ ਲੇਟ ਉੱਠਦਾ ਸੀ, ਉਹਨੂੰ ਕੁਝ ਵੀ ਖਾਣ ਲਈ ਨਹੀਂ ਸੀ ਮਿਲਦਾ। ਇਸ ਕਹਾਣੀ ਤੋਂ ਤੂੰ ਕੀ ਸਿੱਖਿਆ।"

ਸੁਕਰਾਤ : "ਜਿਹੜੇ ਕੀੜੇ ਜਲਦੀ ਉਠਦੇ ਹਨ, ਉਹਨਾਂ ਨੂੰ ਪੰਛੀ ਖਾ ਜਾਂਦੇ ਹਨ।"

ਹਰ ਘਟਨਾ, ਹਰ ਗੱਲ, ਹਰ ਮਸਲੇ ਦੇ ਕਈ ਪੱਖ ਹੁੰਦੇ ਹਨ, ਕਿਸੇ ਵੀ ਨਤੀਜ਼ੇ ਤੇ ਪਹੁੰਚਣ ਲਈ ਸਭ ਪੱਖਾਂ ਨੂੰ ਸੁਣਨਾ ਤੇ ਵੇਖਣਾ ਚਾਹੀਦਾ ਹੈ। ਖਾਸ ਕਰਕੇ ਵਿਰੋਧੀ ਪੱਖ ਨੂੰ। ਨਹੀਂ ਤਾਂ ਗਲਤ ਸਿੱਖ ਜਾਣ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਇਸ ਲਈ ਤੁਹਾਨੂੰ ਆਪਣੇ ਲਈ ਵਰਤਣ ਲਈ ਕੁਝ ਵੀ ਉਲਟ ਸਿਖਾ ਸਕਦਾ ਹੈ ।

## ਵਿਸ਼ਵ ਦੇ ਮਹਾਨ ਖਿਡਾਰੀ-58

# ਕਬੱਡੀ ਦਾ ਪੇਸ਼ਾਵਰ ਖਿਡਾਰੀ ਬਲਵਿੰਦਰ ਫਿੱਡਾ

ਪ੍ਰਿੰ. ਸਰਵਣ ਸਿੰਘ




ਕਬੱਡੀ ਦੇ ਧੱਕੜ ਧਾਵੀ ਬਲਵਿੰਦਰ ਸਿੰਘ ਨੂੰ ਕੋਈ ਫਿੱਡਾ ਕਹਿੰਦਾ ਹੈ, ਕੋਈ ਫਿੱਡੂ। ਕੋਈ ਪੰਜਾਬ ਦਾ ਟਰੱਕ ਤੇ ਕੋਈ ਟੈਂਕ। ਉਹ ਪਹਿਲਾ ਖਿਡਾਰੀ ਹੈ ਜਿਸ ਨੇ ਪੰਜਾਬੀਆਂ ਦੀ ਦੇਸੀ ਖੇਡ 'ਕੌਡੀ' ਨੂੰ ਪੌਂਡਾਂ ਤੇ ਡਾਲਰਾਂ ਦੀ ਖੇਡ ਬਣਾਇਆ। ਯਾਨੀ ਪੇਸ਼ਾਵਰ ਖੇਡ ਬਣਨ ਦੇ ਰਾਹ ਪਾਇਆ। ਉਸ ਨੇ ਪੰਜਾਬੀਆਂ ਦੀ ਮਾਂ ਖੇਡ ਕਹੀ ਜਾਂਦੀ ਕਬੱਡੀ ਦੇ ਸਿਰੋਂ ਕਰੋੜਾਂ ਕਮਾਏ। ਉਹ ਦਿਸਦੇ ਵੀ ਹਨ। ਜਲੰਧਰ ਦੀ ਡਿਫੈਂਸ ਕਲੋਨੀ 'ਚ ਕੋਠੀ ਹੈ, ਪਲਾਟ ਤੇ ਦੁਕਾਨਾਂ ਹਨ ਤੇ ਪਿੰਡ ਝੁੱਟੇ ਦੇ ਸਿਰ ਵਰਗੀ ਚੌਵੀ ਕਿੱਲੇ ਜ਼ਮੀਨ ਹੈ। ਉਹ ਕਬੱਡੀ ਦੇ ਸਿਰ 'ਤੇ ਕਾਂਸਟੇਬਲ ਭਰਤੀ ਹੋਇਆ ਸੀ ਤੇ ਐੱਸ. ਪੀ. ਬਣ ਕੇ ਰਿਟਾਇਰ ਹੋਇਆ। ਲੱਖ ਤੋਂ ਉੱਤੇ ਉਹਦੀ ਪੈਨਸ਼ਨ ਹੈ। ਹੁਣ ਉਹ ਕੈਨੇਡਾ ਦਾ ਪੱਕਾ ਪਰਵਾਸੀ ਹੈ। ਧੀਆਂ ਪੁੱਤ ਪਹਿਲਾਂ ਹੀ ਕੈਨੇਡਾ ਵਿਚ ਸਥਾਪਿਤ ਕਰ ਦਿੱਤੇ ਸਨ। ਗਰਮੀਆਂ ਉਹ ਕੈਨੇਡਾ 'ਚ ਕੱਟਦਾ ਹੈ, ਸਰਦੀਆਂ ਪੰਜਾਬ ਵਿਚ। ਕਬੱਡੀ ਦੇ ਕੁਮੈਂਟੇਟਰਾਂ ਨੇ ਉਹਦਾ ਨਾਂ ਹਜ਼ਾਰਾਂ ਵਾਰ ਹਵਾ ਦੀਆਂ ਤਰੰਗਾਂ 'ਚ ਗੁੰਜਾਇਆ ਤੇ ਖੇਡ ਲੇਖਕਾਂ ਨੇ ਸੈਂਕੜੇ ਵਾਰ ਲਿਖਿਆ। ਉਹਦੀ ਮਸ਼ਹੂਰੀ ਦਾ ਕੋਈ ਲੇਖਾ ਨਹੀਂ ਰਿਹਾ। ਚੰਗੀ ਵੀ ਤੇ ਮੰਦੀ ਵੀ। ਕਈ ਸਾਲ ਪਹਿਲਾਂ ਮੈਂ ਇੰਗਲੈਂਡ ਗਿਆ ਤਾਂ ਸਾਊਥਾਲ ਦਾ ਇਕ ਕਬੱਡੀ ਪ੍ਰੇਮੀ ਪੁੱਛਣ ਲੱਗਾ, "ਫਿੱਡੂ ਦਾ ਕੀ ਹਾਲ ਐ? ਕਹਿੰਦੇ, ਮਸੀਂ ਬਚਿਆ!" ਟੋਰਾਂਟੋ ਗਿਆ ਤਾਂ ਕਿਸੇ ਨੇ ਕਿਹਾ, "ਮੈਂ ਸੁਣਿਆਂ, ਫਿੱਡੂ ਸਾਧ ਹੋ ਗਿਆ!" ਵੈਨਕੂਵਰ ਗਿਆ ਤਾਂ ਇਕ ਨੇ ਕੱਛ 'ਚੋਂ ਮੂੰਗਲੀ ਕੱਢ ਮਾਰੀ ਅਖੇ ਪਤਾ ਲੱਗਾ ਪਈ ਫਿੱਡੂ 'ਹਿੱਲ' ਗਿਐ ਤੇ ਕਿਸੇ 'ਸਿਆਣੇ' ਤੋਂ ਇਲਾਜ ਕਰਵਾ ਰਿਹੈ! ਕਿਸੇ ਭੇਤੀ ਨੇ ਅੰਦਰਲੀ ਗੱਲ ਦੱਸੀ ਕਿ ਫਿੱਡੇ ਦਾ ਅਸਲੀ ਇਲਾਜ ਤਾਂ ਹੁਣ 'ਅਰਜਨ ਅਵਾਰਡ' ਮਿਲਣ ਨਾਲ ਈ ਹੋਊ! ਕੈਲੇਫੋਰਨੀਆ 'ਚ ਖ਼ਬਰ ਮਿਲੀ ਕਿ ਫਿੱਡੂ ਸਿੰਘ ਸਜ ਗਿਆ। ਮੈਂ ਫਿੱਡੂ ਦੇ ਡਿਪ੍ਰੈਸ਼ਨ 'ਚ ਚਲੇ ਜਾਣ ਬਾਰੇ ਤਾਂ ਸੁਣਿਆਂ ਸੀ ਪਰ ਬਾਹਰ ਜਿੰਨੇ ਮੂੰਹ ਓਨੀਆਂ ਗੱਲਾਂ ਸਨ।

ਪੰਜਾਬ ਪਰਤ ਕੇ ਮੈਂ ਫਿੱਡੂ ਨੂੰ ਪੁਰੇਵਾਲ ਖੇਡ ਮੇਲੇ 'ਚ ਮਿਲਿਆ। ਮੈਨੂੰ ਉਹ ਸੱਚੀਮੁੱਚੀਂ ਉਦਾਸ ਤੇ ਉਪਰਾਮ ਲੱਗਾ। ਛੇ ਕੁ ਮਹੀਨਿਆਂ ਵਿਚ ਈ ਉਹ ਕਾਫੀ ਬਦਲ ਗਿਆ ਸੀ। ਪੀਲੇ ਚਿਹਰੇ ਉਤੇ ਲੰਮੀ ਤੇ ਭਰਵੀਂ ਦਾੜ੍ਹੀ ਨਾਲ ਪਹਿਲੀ ਨਜ਼ਰੇ ਮਸੀਂ ਸਿਆਣਿਆ ਗਿਆ। ਉਹਦੇ ਬੋਲਾਂ 'ਚੋਂ ਦਬਕਾ ਤੇ ਗੜ੍ਹਕਾ ਗ਼ਾਇਬ ਸੀ। ਉਹ ਬੜੀ ਹਲੀਮੀ ਨਾਲ ਧੀਮੀ 'ਵਾਜ਼ ਵਿਚ ਬੋਲ ਰਿਹਾ ਸੀ। ਚਿਹਰੇ 'ਤੋਂ ਗੁੱਸੇ ਗਿਲੇ ਦੀ ਝਲਕ ਸਾਫ਼ ਪੜ੍ਹੀ ਜਾ ਸਕਦੀ ਸੀ। ਉਸ ਨੂੰ ਡੂੰਘਾ ਰੰਜ ਸੀ ਕਿ ਅਰਜਨ ਅਵਾਰਡ ਨਾ ਦੇ ਕੇ ਉਸ ਨਾਲ ਨੰਗਾ ਚਿੱਟਾ ਵਿਤਕਰਾ ਕੀਤਾ ਜਾ ਰਿਹਾ ਸੀ। ਕੋਈ ਹਾਅ ਦਾ ਨਾਹਰਾ ਵੀ ਨਹੀਂ ਸੀ ਮਾਰ ਰਿਹਾ ਸਗੋਂ ਸ਼ਰੀਕ ਉਲਟੀਆਂ ਚਹੇੜਾਂ ਕਰ ਰਹੇ ਸਨ। ਸਿੱਟੇ ਵਜੋਂ ਉਹ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਗਿਆ ਸੀ। ਖੁੱਲ੍ਹ ਕੇ ਗੱਲਾਂ ਹੋਈਆਂ ਤਾਂ ਪਤਾ ਲੱਗਾ ਕਿ ਉਹ ਫਗਵਾੜੇ ਦੇ ਕਿਸੇ ਹਕੀਮ ਤੋਂ ਇਲਾਜ ਕਰਵਾ ਰਿਹਾ ਸੀ ਅਤੇ ਗਰਮੀਆਂ 'ਚ ਜਰਮਨੀ ਜਾਣ ਬਾਰੇ ਸੋਚ ਰਿਹਾ ਸੀ। ਉਸ ਨੇ ਆਪਣੇ ਗੋਡੇ ਦੀ ਸੱਟ ਦਾ ਇਲਾਜ ਵੀ ਜਰਮਨੀ ਤੋਂ ਕਰਾਇਆ ਸੀ ਜੋ ਠੀਕ ਹੋ ਗਿਆ ਸੀ। ਅਸੀਂ ਘਰ-ਪਰਿਵਾਰ ਤੋਂ ਲੈ ਕੇ ਦੇਸ਼ ਵਿਦੇਸ਼ ਤੱਕ ਦੀਆਂ ਗੱਲਾਂ ਕਰਦੇ ਰਹੇ। ਮੇਰੀ ਮਨਸ਼ਾ ਉਸ ਨੂੰ ਮੁੜ ਚੜ੍ਹਦੀਆਂ ਕਲਾਂ 'ਚ ਵੇਖਣ ਦੀ ਸੀ। ਮੈਂ ਆਖਿਆ, "ਇਨਾਮਾਂ ਸ਼ਨਾਮਾਂ ਦੀਆਂ ਗੱਲਾਂ ਦਿਲ 'ਤੇ ਨਹੀਂ ਲਾਈਦੀਆਂ। ਅਰਜਨ ਅਵਾਰਡ ਕਿੱਡੀ ਕੁ ਚੀਜ਼ ਐ? ਤੁਹਾਨੂੰ ਤਾਂ ਕਬੱਡੀ ਪ੍ਰੇਮੀਆਂ ਨੇ ਕਿਤੇ ਵੱਡੇ ਇਨਾਮ ਬਖ਼ਸ਼ੇ ਨੇ। ਤੁਹਾਡੀ ਰੀਸ ਕਿਹੜਾ ਕਰ- ਲੂ?" ਮੁਲਾਕਾਤ ਮੁੱਕਣ 'ਤੇ ਉਹ ਸੱਚਮੁੱਚ ਹੀ ਚੜ੍ਹਦੀ ਕਲਾ ਵਿਚ ਸੀ ਤੇ ਉਸ ਨੇ ਮੈਨੂੰ ਆਖ ਵੀ ਦਿੱਤਾ ਸੀ ਕਿ ਅਖ਼ਬਾਰਾਂ 'ਚ ਲਿਖ ਦਿਓ ਪਈ ਮੈਨੂੰ ਕੁਝ ਨਹੀਂ ਹੋਇਆ।

ਫਿੱਡੇ ਨੂੰ ਦੇਸ਼ ਵਿਦੇਸ਼ ਦੇ ਸੈਂਕੜੇ ਖੇਡ ਮੇਲਿਆਂ ਵਿਚ ਸਨਮਾਨਿਆ ਜਾਂਦਾ ਰਿਹਾ। ਆਖ਼ਰ ਭਾਰਤ ਸਰਕਾਰ ਦਾ ਖੇਡ ਪੁਰਸਕਾਰ ਅਰਜਨ ਅਵਾਰਡ ਵੀ ਮਿਲ ਗਿਆ ਜੀਹਦੇ ਨਾਲ ਉਹਦੀ ਮਾਨਸਿਕ ਬੇਚੈਨੀ ਅਥਵਾ ਡਿਪ੍ਰੈਸ਼ਨ ਦੀ ਬਿਮਾਰੀ ਦਾ ਵੀ ਇਲਾਜ ਹੋ ਗਿਆ। ਇਹ ਅਰਜਨ ਅਵਾਰਡ ਦਾ ਹੀ ਚੱਕਰ ਸੀ ਜਿਸ ਨੇ ਉਸ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕਰੀ ਰੱਖਿਆ ਸੀ। ਉਦੋਂ ਹੀ ਉਹਦੇ 'ਹਿੱਲ' ਜਾਣ ਤੇ ਸਾਧ ਬਣਨ ਦੀਆਂ ਅਫ਼ਵਾਹਾਂ ਉਡੀਆਂ ਸਨ। ਪੱਛਮੀ ਦੇਸ਼ਾਂ ਵਿਚ ਲੋਕਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਵੀ ਚਿੰਤਾ ਹੋ ਗਈ ਸੀ ਕਿ ਫਿੱਡੂ ਕਿਤੇ ਸੱਚਮੁਚ ਹੀ ਕਸਰਿਆ ਨਾ ਗਿਆ ਹੋਵੇ? ਬਲਵਿੰਦਰ ਸਿੰਘ ਫਿੱਡੇ ਦਾ ਜਨਮ 23 ਮਾਰਚ 1956 ਨੂੰ ਪਿੰਡ ਟਾਂਡੀ ਜ਼ਿਲ੍ਹਾ ਕਪੂਰਥਲਾ ਵਿਚ ਲੁਬਾਣੇ ਕਿਸਾਨ ਬੰਤਾ ਸਿੰਘ ਦੇ ਘਰ ਮਾਤਾ ਚਰਨ ਕੌਰ ਦੀ ਕੁੱਖੋਂ ਹੋਇਆ ਸੀ। ਉਹ ਚਾਰ ਭੈਣਾਂ ਤੇ ਚਾਰ ਭਰਾਵਾਂ ਵਿਚਾਲੇ ਚੌਥੀ ਥਾਂ ਜੰਮਿਆ ਸੀ। ਕਿਰਸਾਣੀ ਕੰਮਕਾਰ 'ਚ ਹੱਥ ਵਟਾਉਂਦਿਆਂ ਆਪਣੇ ਪਿੰਡ ਦੇ ਸਕੂਲ ਤੇ ਨਡਾਲੇ ਦੇ ਕਾਲਜ ਵਿਚ ਪੜ੍ਹਿਆ। ਫਿਰ ਬੀਬੀ ਰਾਜ ਕੌਰ ਨਾਲ ਵਿਆਹਿਆ ਗਿਆ ਜਿਸ ਦੀ ਕੁੱਖੋਂ ਦੋ ਪੁੱਤਰ ਸਤਿੰਦਰਜੀਤ ਸਿੰਘ ਤੇ ਬਲਰਾਜਵੀਰ ਸਿੰਘ ਅਤੇ ਦੋ ਧੀਆਂ ਰਵਿੰਦਰ ਕੌਰ ਤੇ ਉਪਿੰਦਰ ਕੌਰ ਨੇ ਜਨਮ ਲਿਆ। ਕਬੱਡੀ ਖੇਡਦੇ ਫਿੱਡੇ ਨੇ ਆਪਣੇ ਪਰਿਵਾਰ ਨੂੰ ਪੱਛਮੀ ਮੁਲਕਾਂ ਦੀ ਸੈਰ ਕਰਾਈ ਤੇ ਕੈਨੇਡਾ ਵਿਚ ਸੈੱਟ ਕਰ ਦਿੱਤਾ। ਵਿਦੇਸ਼ਾਂ ਵਿਚ ਉਸ ਨੂੰ ਇਨਾਮ ਵੀ ਚੋਖੇ ਮਿਲਦੇ ਰਹੇ। ਅਗਲੇ ਸਾਲ ਉਸ ਨੂੰ ਅਰਜਨ ਅਵਾਰਡ ਵੀ ਮਿਲ ਗਿਆ। ਉਸ ਨੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾ ਕੇ ਸੱਚੇ ਪਾਤਸ਼ਾਹ ਦਾ ਸ਼ੁਕਰਾਨਾ ਕੀਤਾ ਤੇ ਸੱਜਣਾਂ ਮਿੱਤਰਾਂ ਨਾਲ ਖ਼ੁਸ਼ੀ ਸਾਂਝੀ ਕੀਤੀ। ਉਹ ਮੁੜ ਨੌਂ-ਬਰ-ਨੌਂ ਹੋ ਗਿਆ। ਉਸ ਨੇ ਕਬੱਡੀ ਖੇਡਣੀ ਛੱਡ ਦਿੱਤੀ ਸੀ ਪਰ ਕਬੱਡੀ ਖਿਡਾਉਣੀ ਨਹੀਂ ਸੀ ਛੱਡੀ। ਉਹ ਕਬੱਡੀ ਦੀ ਕੋਚਿੰਗ ਦਿੰਦਾ ਰਿਹਾ ਤੇ ਕਬੱਡੀ ਦੇ ਟੂਰਨਾਮੈਂਟਾਂ ਦੀ ਸ਼ਾਨ ਬਣਦਾ ਰਿਹਾ। ਉਹ ਲਗਾਤਾਰ ਖੇਡ ਮੇਲਿਆਂ 'ਤੇ ਜਾਂਦਾ ਰਿਹਾ, ਦੇਸ਼ ਵਿਚ ਵੀ ਤੇ ਵਿਦੇਸ਼ 'ਚ ਵੀ। 2006 'ਚ ਕਪੂਰਥਲੇ ਦੇ ਕਬੱਡੀ ਟੂਰਨਾਮੈਂਟ ਵਿਚ ਉਸ ਨੂੰ ਮਹਿੰਗੀ ਕਾਰ ਦਾ ਇਨਾਮ ਦੇ ਕੇ ਸਨਮਾਨਿਆ ਗਿਆ।

ਕਬੱਡੀ ਤੇ ਫਿੱਡਾ ਹੀਰ ਰਾਂਝੇ ਵਾਂਗ ਜੁੜੇ ਨਾਂ ਹਨ। ਕਬੱਡੀ ਨਾਲ ਉਹਦਾ ਨਾਤਾ ਏਨਾ ਗੂੜ੍ਹਾ ਹੈ ਕਿ ਉਹ ਕਦੇ ਟੁੱਟ ਨਹੀਂ ਸਕਦਾ। ਫਿੱਡੇ ਨੇ ਕਬੱਡੀ ਨੂੰ ਕੱਲਰਾਂ ਦੀ ਖੇਡ ਤੋਂ ਖੇਡ ਭਵਨਾਂ ਦੀ ਖੇਡ ਬਣਾਇਆ ਤੇ ਕਬੱਡੀ ਨੇ ਵੀ ਉਸ ਨੂੰ ਮਾਲਾ ਮਾਲ ਕੀਤਾ। ਉਹ ਪੱਚੀ ਸਾਲ ਉੱਚ ਪੱਧਰੀ ਕਬੱਡੀ ਖੇਡਿਆ। ਖ਼ੁਦ ਪੇਸ਼ਾਵਰ ਖਿਡਾਰੀ ਬਣਿਆ ਤੇ ਕਬੱਡੀ ਨੂੰ ਵੀ ਪੇਸ਼ਾਵਰ ਖੇਡ ਬਣਾਇਆ। ਉਸ ਨੇ ਆਪਣੀ ਖੇਡ ਦੇ ਹਜ਼ਾਰਾਂ ਪ੍ਰਸੰਸਕ ਬਣਾਏ ਤੇ ਨਿੱਜ ਦੇ ਸੈਂਕੜੇ ਨਿੰਦਕ। ਉਹੀ ਨਿੰਦਕ ਸਨ ਜਿਹੜੇ ਉਹਦੀ ਮਾਨਸਿਕ ਪਰੇਸ਼ਾਨੀ ਸਮੇਂ ਧੀਰ ਬੰਨ੍ਹਾਉਣ ਦੀ ਥਾਂ ਉਲਟੀਆਂ ਅਫ਼ਵਾਹਾਂ ਫੈਲਾਉਂਦੇ ਰਹੇ। ਇਹ ਸਤਰਾਂ ਲਿਖਦਿਆਂ ਮੈਨੂੰ ਉਹਦੀ ਖੇਡ ਤੇ ਉਹਦੇ ਵਿਹਾਰ ਦੇ ਅਨੇਕਾਂ ਦ੍ਰਿਸ਼ ਯਾਦ ਆ ਰਹੇ ਹਨ ਜਿਨ੍ਹਾਂ 'ਚੋਂ ਕੁਝ ਇਕਨਾਂ ਦਾ ਜ਼ਿਕਰ ਕਰਨਾ ਵਾਜ਼ਬ ਹੋਵੇਗਾ। ਫਿੱਡੂ ਦੱਸਦੈ ਕਿ ਉਹਨਾਂ ਦੀ ਟੀਮ ਨੂੰ ਪੰਜ ਹਜ਼ਾਰ ਰੁਪਏ ਦਾ ਪਹਿਲਾ ਵੱਡਾ ਇਨਾਮ ਗੁਰਦੁਆਰਾ ਮਹਿਦੇਆਣਾ ਸਾਹਿਬ ਦੇ ਕਬੱਡੀ ਮੈਚ 'ਚ ਮਿਲਿਆ ਸੀ। ਮਹਿਦੇਆਣਾ ਸਾਡੇ ਪਿੰਡ ਚਕਰ, ਲੱਖਾ, ਮਾਣੂੰਕੇ ਤੇ ਮੱਲ੍ਹੇ ਵਿਚਕਾਰ ਹੈ। ਮੈਂ ਉਸ ਮੈਚ ਦਾ ਚਸ਼ਮਦੀਦ ਗਵਾਹ ਹਾਂ ਕਿਉਂਕਿ ਮਾਈਕ ਮੇਰੇ ਹੱਥ ਸੀ। ਇਕ ਪਾਸੇ ਕਪੂਰਥਲੇ ਦੀ ਟੀਮ ਸੀ ਤੇ ਦੂਜੇ ਪਾਸੇ ਲੁਧਿਆਣੇ ਦੀ। 1980 ਦੇ ਆਸ ਪਾਸ ਅਸੀਂ ਫਿੱਡੂ ਨੂੰ ਪੰਜ ਸੌ ਦੀ ਸਾਈ ਦੇ ਕੇ ਪੰਜ ਹਜ਼ਾਰ ਦੇ ਇਨਾਮ ਵਾਲਾ ਮੈਚ ਖੇਡਣ ਲਈ ਸੱਦਿਆ ਸੀ। ਫਿੱਡੂ ਤੇ ਉਹਦੇ ਸਾਥੀਆਂ ਨੂੰ ਸੱਚ ਨਹੀਂ ਸੀ ਆ ਰਿਹਾ ਕਿ ਕਬੱਡੀ ਖੇਡਣ ਦੇ ਸੱਚਮੁੱਚ ਪੰਜ ਹਜ਼ਾਰ ਮਿਲਣਗੇ। ਇਹ ਇਤਿਹਾਸਕ ਤੱਥ ਹੈ ਕਿ ਕਬੱਡੀ ਮਹਿਦੇਆਣੇ ਦੇ ਮੈਚ ਤੋਂ ਪੇਸ਼ਾਵਰ ਖੇਡ ਬਣਨ ਦੇ ਰਾਹ ਪਈ। ਫਿਰ ਪੰਜ ਹਜ਼ਾਰ ਤੋਂ ਵਧਦਾ-ਵਧਦਾ ਫਿੱਡੂ ਦਾ ਭਾਅ ਵੈਨਕੂਵਰ ਵਿਚ ਇਕ ਪੁਆਇੰਟ ਉਤੇ ਇਕ ਲੱਖ ਰੁਪਏ ਤਕ ਜਾ ਪੁੱਜਾ। ਲੱਖ ਰੁਪਏ ਦੀ ਗੱਲ ਵੀ ਸੁਣ ਲਓ। 6 ਅਗੱਸਤ 1995 ਦੇ ਦਿਨ ਵੈਨਕੂਵਰ ਦੇ ਬੀਸੀ ਪਲੇਸ ਵਿਚ ਕਬੱਡੀ ਦਾ ਵਰਲਡ ਕੱਪ ਖੇਡਿਆ ਜਾਣਾ ਸੀ। ਹਜ਼ਾਰਾਂ ਦਰਸ਼ਕਾਂ ਦਾ ਕੱਠ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਦਾ ਮੈਚ ਉਡੀਕ ਰਿਹਾ ਸੀ। ਜਦੋਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਜੁਆਨ ਮੈਦਾਨ 'ਚ ਨਿੱਤਰੇ ਤਾਂ ਮੈਂ ਮਾਈਕ ਤੋਂ ਭੂਮਿਕਾ ਬੰਨ੍ਹੀ, "ਲਓ ਆ ਗਏ ਪੰਜਾਬ ਦੇ ਬੱਬਰ ਸ਼ੇਰ। ਮਾਵਾਂ ਦੇ ਬਲੀ ਪੁੱਤਰ। ਬਾਘੀਆਂ ਪਾਉਂਦੇ ਤੇ ਬੜ੍ਹਕਾਂ ਮਾਰਦੇ। ਸੋਹਣੇ ਸਡੌਲ ਜੁੱਸੇ, ਮੇਹਲਦੇ ਤੇ ਮਚਲਦੇ। ਨਿਗਾਹਾਂ ਤਿਲ੍ਹਕ ਤਿਲ੍ਹਕ ਪੈਂਦੀਆਂ। ਏਹਨਾਂ ਦੀ ਚੜ੍ਹਤ ਵੇਖੋ ਤੇ ਵੇਖਿਓ ਇਨ੍ਹਾਂ ਦੀਆਂ ਪਕੜਾਂ। ਇਕ ਇਕ ਕਬੱਡੀ ਲੱਖ-ਲੱਖ ਦੀ ਪਊ ਜੋ ਸਭਨਾਂ ਦਾ ਸੇਰ-ਸੇਰ ਲਹੂ ਵਧਾਊ। ਲਓ ਟੇਕ-ਤਾ ਧਰਤੀ ਮਾਂ ਨੂੰ ਮੱਥਾ ਤੇ ਹੋਣ ਲੱਗੇ ਆ ਨਿਤਾਰੇ...।"

ਮੈਚ ਸ਼ੁਰੂ ਹੋਇਆ ਤਾਂ ਇਕ ਪਾਕਿਸਤਾਨੀ ਸੱਜਣ ਨੇ ਮੈਨੂੰ ਕਿਹਾ ਪਈ ਐਲਾਨ ਕਰ ਦਿਓ ਕਿ ਪਾਕਿਸਤਾਨ ਦਾ ਜਿਹੜਾ ਜਾਫੀ ਹਿੰਦੁਸਤਾਨ ਦੇ ਫਿੱਡੂ ਜਾਂ ਹਰਜੀਤ ਨੂੰ ਡੱਕ ਗਿਆ ਉਹਨੂੰ ਪਾਕਿਸਤਾਨੀ ਕਰੰਸੀ ਵਿਚ ਇਕ ਲੱਖ ਰੁਪਿਆ ਇਨਾਮ ਦਿੱਤਾ ਜਾਵੇਗਾ। ਪਰ ਨਾ ਫਿੱਡੂ ਡੱਕਿਆ ਜਾ ਸਕਿਆ ਤੇ ਨਾ ਹੀ ਹਰਜੀਤ ਬਰਾੜ। ਟੋਰਾਂਟੋ ਵਿਚ ਫਿੱਡੂ ਦੀ ਇਕ ਰੇਡ ਉਤੇ ਤਿੰਨ ਹਜ਼ਾਰ ਡਾਲਰ ਇਨਾਮ ਲੱਗ ਗਿਆ ਸੀ। ਇਕ ਮੈਚ ਵਿਚ ਸਰੀਰ ਕਸਰਿਆ ਹੋਣ ਕਰਕੇ ਫਿੱਡੂ ਕਬੱਡੀ ਨਹੀਂ ਸੀ ਪਾ ਰਿਹਾ। ਇਕ ਸਰਦਾਰ ਨੇ ਪੰਜ ਸੌ ਡਾਲਰ ਮੈਨੂੰ ਫੜਾਉਂਦਿਆਂ ਕਿਹਾ ਕਿ ਫਿੱਡੂ ਤੋਂ ਕਬੱਡੀ ਪੁਆ ਦਿਓ ਤਾਂ ਇਹ ਇਨਾਮ ਉਹਦਾ। ਫਿੱਡੂ ਕੱਛਾਂ 'ਚ ਹੱਥ ਦੇਈ ਖੜ੍ਹਾ ਸੀ। ਜਦੋਂ ਮਾਈਕ ਤੋਂ ਡਾਲਰਾਂ ਦਾ ਐਲਾਨ ਹੋਇਆ ਤਾਂ ਫਿੱਡੂ ਨੇ ਖੜ੍ਹੇ ਖੜੋਤੇ ਛਾਲ ਮਾਰੀ ਤੇ ਥਾਪੀਆ ਮਾਰਦਾ ਕਬੱਡੀ ਪਾਉਣ ਲੱਗਾ। ਫਿੱਡੂ ਪੈਸੇ ਦਾ ਪੀਰ ਸੀ ਤੇ ਇਹ ਗੱਲ ਕਿਸੇ ਖੇਡ ਪ੍ਰਮੋਟਰ ਤੋਂ ਗੁੱਝੀ ਛਿਪੀ ਨਹੀਂ ਸੀ।

1990 'ਚ ਪੰਜਾਬੀਆਂ ਦੇ ਗੜ੍ਹ ਯੂਬਾ ਸਿਟੀ ਵਿਚ ਕਬੱਡੀ ਦਾ ਕੌਮਾਂਤਰੀ ਮੈਚ ਸੀ। ਦੀਦਾਰ ਸਿੰਘ ਬੈਂਸ ਹੋਰਾਂ ਨੇ ਮੈਨੂੰ ਮਾਈਕ ਦੀ ਥਾਂ ਵਿਸਲ ਫੜਾ ਦਿੱਤੀ। ਮੇਰੇ ਹੱਥ ਵਿਸਲ ਫੜੀ ਵੇਖ ਕੇ ਫਿੱਡੂ ਕਹਿਣ ਲੱਗਾ, "ਭਾਅ ਜੀ ਮੇਰੀ ਬਾਹਰ ਬੜੀ ਬਣੀ ਹੋਈ ਜੇ। ਮੇਰਾ ਖਿਆਲ ਰੱਖਣਾ।" ਮੈਂ ਆਖਿਆ, "ਮੈਂ ਸਭ ਦਾ ਖ਼ਿਆਲ ਰੱਖਾਂਗਾ। ਜੇ ਤੈਂ ਕਿਸੇ ਦੇ ਮੂੰਹ 'ਤੇ ਹੱਥੜ ਮਾਰਿਆ ਤਾਂ ਤੇਰੇ ਖ਼ਿਲਾਫ਼ ਵੀ ਪੈਂਟ੍ਹ ਦੇਵਾਂਗਾ। ਮੇਰੇ ਲਈ ਸਾਰੇ ਇਕੋ ਜਿਹੇ ਨੇ।" ਉੱਦਣ ਫਿੱਡੂ ਸਾਫ ਸੁਥਰੀ ਖੇਡ ਖੇਡਿਆ। ਜਦੋਂ ਉਹ ਕਬੱਡੀ ਪਾਉਣ ਜਾਂਦਾ ਤਾਂ ਦਰਸ਼ਕ ਕੂਕਦੇ, "ਫੜ-ਲੋ ਇਹਨੂੰ, ਪੈ-ਜੋ ਲੱਤੀਂ। ਜਾਵੇ ਨਾ ਐਤਕੀਂ, ਰੱਖ-ਲੋ ਕੇਰਾਂ...।"

ਪਰ ਉਹ ਕਿਸੇ ਤੋਂ ਡੱਕਿਆ ਨਹੀਂ ਸੀ ਜਾ ਰਿਹਾ। ਮੈਚ ਦੇ ਅਖ਼ੀਰ ਵਿਚ ਉਹ ਇਕ ਵਾਰ ਰੁਕਿਆ ਤਾਂ ਦਰਸ਼ਕਾਂ ਨੇ ਡਾਢੀ ਖ਼ੁਸ਼ੀ ਮਨਾਈ। ਉਨ੍ਹਾਂ ਨੇ ਬੀਅਰਾਂ ਦੀਆਂ ਡੱਬੀਆਂ ਹਵਾ 'ਚ ਚਲਾ ਮਾਰੀਆਂ ਤੇ ਪਾਣੀ ਪਿਆਉਣ ਵਾਲਿਆਂ ਨੇ ਜੱਗ ਸੁੱਟ ਦਿੱਤੇ। ਹਾਤ-ਹੂਤ ਕਰਦੇ ਕੈਲੇਫੋਰਨੀਆ ਦੇ ਪੰਜਾਬੀ ਮੁੰਡੇ 'ਪੰਜਰੇਜ਼ੀ' ਵਿਚ ਚੀਕਾਂ ਮਾਰਨ ਲੱਗੇ ਜਿਵੇਂ ਦੋਗਲੇ ਵੱਛੜੇ ਰੰਭਦੇ ਹੋਣ! ਯੂਬਾ ਸਿਟੀ ਪਿੱਛੋਂ ਵੈਨਕੂਵਰ ਦਾ ਖੇਡ ਮੇਲਾ ਭਰਿਆ। ਉਥੇ ਫਿੱਡੂ ਇਕ ਵਾਰ ਵੀ ਨਾ ਡੱਕ ਹੋਇਆ। ਫਾਈਨਲ ਮੈਚ ਮੁੱਕਾ ਤਾਂ ਦਰਸ਼ਕ ਪਾਰਕ 'ਚੋਂ ਬਾਹਰ ਨਿਕਲਣ ਲੱਗੇ। ਮੈਂ ਵੇਖਿਆ ਕਿ ਸ਼ਰਾਬੀ ਹੋਇਆ ਇਕ ਬਾਬਾ ਮੇਪਲ ਰੁੱਖ ਨੂੰ ਮੁੜ ਮੁੜ ਜੱਫਾ ਮਾਰ ਕੇ ਆਖੀ ਜਾਵੇ, "ਮੈਂ ਮਣ ਘਿਓ ਖੁਆ ਦੇਣਾ ਆਵਦੇ ਮੁੰਡੇ ਨੂੰ ਤੇ ਅਗਲੇ ਸਾਲ ਫਿੱਡੂ ਨੂੰ ਅਏਂ ਜੱਫਾ ਲੁਆਉਣਾ!" ਫਿੱਡੂ ਨੂੰ ਲੋਕਾਂ ਨੇ ਪਿੰਡਾਂ ਦੇ ਛੋਟੇ ਟੂਰਨਾਮੈਂਟਾਂ ਵਿਚ ਵੀ ਖੇਡਦੇ ਵੇਖਿਆ ਤੇ ਦੇਸਾਂ ਪਰਦੇਸਾਂ ਦੇ ਵੱਡੇ ਖੇਡ ਮੇਲਿਆਂ ਨੂੰ ਰੰਗ ਭਾਗ ਲਾਉਂਦੇ ਵੀ ਤੱਕਿਆ। ਉਹ ਹਾਰਾਂ ਨਾਲ ਲੱਦਿਆ ਜਾਂਦਾ ਤੇ ਮੋਢਿਆਂ 'ਤੇ ਚੁੱਕਿਆ ਜਾਂਦਾ। ਕਬੱਡੀ ਪ੍ਰੇਮੀ ਉਹਦੇ ਨਾਲ ਹੱਥ ਮਿਲਾਉਣ ਤੇ ਫੋਟੋ ਖਿਚਾਉਣ ਨੂੰ ਧੰਨਭਾਗ ਸਮਝਦੇ। ਇਕ ਸਮਾਂ ਸੀ ਜਦੋਂ ਉਹ 'ਕੱਲਾ ਈ ਬੋਤਲ ਪੀ ਜਾਂਦਾ ਸੀ ਤੇ ਤਿੰਨ ਤਿੰਨ ਮੁਰਗੇ ਛਕ ਜਾਂਦਾ ਸੀ। ਉਹ ਰੱਜ ਕੇ ਖੇਡਦਾ ਤੇ ਪੁੱਜ ਕੇ ਕਮਾਉਂਦਾ। ਫਿਰ ਗੂੜ੍ਹੀ ਨੀਂਦ ਸੌਂਦਾ। ਉਹਦੀ ਖੇਡ ਉਤੇ ਡਾਲਰਾਂ ਤੇ ਪੌਂਡਾਂ ਦਾ ਮੀਂਹ ਵਰ੍ਹਦਾ। ਕੋਈ ਉਹਨੂੰ 'ਪੰਜਾਬ ਦਾ ਟਰੱਕ' ਕਹਿੰਦਾ ਤੇ ਕੋਈ 'ਹੀਰੋ ਆਫ਼ ਫਾਈਵ ਰਿਵਰਜ਼' ਆਖਦਾ। ਉਸ ਨੂੰ 'ਕਬੱਡੀ ਦਾ ਰੁਸਤਮੇ ਹਿੰਦ' ਵੀ ਕਿਹਾ ਜਾਂਦਾ। ਦਾਇਰੇ ਵਾਲੀ ਕਬੱਡੀ ਤੋਂ ਬਿਨਾਂ ਉਸ ਨੇ ਕਬੱਡੀ ਨੈਸ਼ਨਲ ਸਟਾਈਲ ਵਿਚ ਵੀ ਬਥੇਰੀਆਂ ਧੁੰਮਾਂ ਪਾਈਆਂ ਤੇ ਪੰਜਾਬ ਲਈ ਅਨੇਕਾਂ ਵਾਰ ਕਬੱਡੀ ਦੀ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ। ਪੁਲੀਸ ਦੀਆਂ ਖੇਡਾਂ ਵਿਚ ਉਹ ਹਮੇਸ਼ਾਂ ਹੀ ਕਬੱਡੀ ਦੀ ਖੇਡ ਦਾ ਸਰਵੋਤਮ ਖਿਡਾਰੀ ਸਿੱਧ ਹੋਇਆ। ਜਦੋਂ ਉਹ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ ਤਾਂ ਉਹ ਸਭ ਤੋਂ ਨਿੱਕੇ ਕੱਦ ਵਾਲਾ ਮੁੰਡਾ ਸੀ। ਇਕ ਮਾਸਟਰ ਨੇ ਉਸ ਨੂੰ ਮਿੱਡਾ ਜਿਹਾ ਕਹਿ ਦਿੱਤਾ। ਨਾਲ ਦੇ ਜਮਾਤੀ ਉਸ ਨੂੰ ਮਿੱਡੇ ਤੋਂ ਫਿੱਡਾ ਕਹਿਣ ਲੱਗ ਪਏ ਤੇ ਉਹਦਾ ਨਾਂ ਹੀ ਫਿੱਡਾ ਪੱਕ ਗਿਆ। ਹੁਣ ਉਸ ਨੇ ਸਾਰੇ ਐਬ ਛੱਡ ਦਿੱਤੇ ਹਨ ਤੇ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਹੈ। ਉਸ ਦੀ ਲੰਮੀ ਝੂਲਦੀ ਦਾੜ੍ਹੀ ਦੂਰੋਂ ਹੀ ਦਿਸ ਪੈਂਦੀ ਹੈ। ਬੰਗਿਆਂ ਵਾਲੇ 'ਸੁਹੇਲੇ' ਨੇ ਉਹਦੇ ਬਾਰੇ ਸਚਿੱਤਰ ਪੁਸਤਕ ਛਾਪੀ ਸੀ ਜਿਸ ਨੂੰ ਕਬੱਡੀ ਦਾ ਗਰੰਥ ਕਿਹਾ ਜਾ ਸਕਦੈ। ਪਰ ਸੁਹੇਲਾ ਬਹੁਤੀ ਦੇਰ ਜਿਊਂਦਾ ਨਾ ਰਹਿ ਸਕਿਆ। ਉਸ ਨੇ ਆਤਮ ਹੱਤਿਆ ਕਰ ਲਈ। ਮੈਂ ਭਾਵੇਂ ਕਬੱਡੀ ਮੇਲਿਆਂ 'ਚ ਜਾਣਾ ਘਟਾ ਦਿੱਤਾ ਹੈ ਫਿਰ ਵੀ ਫਿੱਡੇ ਵਰਗਿਆਂ ਦੇ ਦਰਸ਼ਨ ਹੋ ਹੀ ਜਾਂਦੇ ਹਨ। 3 ਨਵੰਬਰ 2024 ਦਾ ਦਿਨ ਜੋ ਕੈਨੇਡਾ ਤੇ ਭਾਰਤ ਦੀਆਂ ਮਾੜੀਆਂ ਖ਼ਬਰਾਂ ਦਾ ਦਿਨ ਬਣਿਆ ਅਸੀਂ ਪੈਨਸ਼ਨ ਲਈ ਲਾਈਫ ਸਰਟੀਫਿਕੇਟ ਬਣਾਉਣ ਗਏ ਗੋਰ ਮੰਦਰ 'ਚ ਮਿਲ ਪਏ। ਅਸੀਂ ਮੰਦਰ ਦੇ ਅੰਦਰ ਬੈਠੇ ਗੱਲਾਂ 'ਚ ਏਨੇ ਮਸਤ ਹੋਏ ਕਿ ਪਤਾ ਹੀ ਨਾ ਲੱਗਾ ਕਿ ਬਾਹਰ ਸੜਕ 'ਤੇ ਕੋਈ ਮੁਜ਼ਾਹਰਾ ਵੀ ਹੋ ਰਿਹੈ। ਫਿੱਡੂ ਅਜੇ ਕਾਇਮ ਹੈ ਤੇ ਕਾਇਮ ਰਹਿਣ ਲਈ ਵਰਜਿਸ਼ ਵੀ ਕਰਦਾ ਹੈ। ਕੁਦਰਤ ਕਰੇ ਕਿ ਉਹ ਲੰਮੀ ਉਮਰ ਜੀਵੇ ਤੇ ਕਬੱਡੀ ਦੀ ਖੇਡ ਨੂੰ ਹੋਰ ਰੰਗ ਭਾਗ ਲਾਵੇ।

# ਪਿਓ ਨਾਲ ਮਿਲ ਕੇ ਕੀਤਾ ਮਾਂ ਤੇ ਚਾਰ ਭੈਣਾਂ ਦਾ ਕਤਲ




ਲਖਨਊ : ਨਵੇਂ ਸਾਲ ਦੀ ਇੱਕ ਭਿਆਨਕ ਸ਼ੁਰੂਆਤ ਦੌਰਾਨ ਯੂਪੀ ਦੀ ਰਾਜਧਾਨੀ ਲਖਨਊ ਪੁਲੀਸ ਨੇ ਬੁੱਧਵਾਰ ਨੂੰ ਇੱਕ 24 ਸਾਲਾ ਵਿਅਕਤੀ ਅਰਸ਼ਦ ਨੂੰ ਸ਼ਹਿਰ ਦੇ ਇੱਕ ਹੋਟਲ ਵਿੱਚ ਆਪਣੀ ਮਾਂ ਅਤੇ ਚਾਰ ਭੈਣਾਂ ਦੇ ਗਲ਼ ਵੱਢ ਕੇ ਕਤਲ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਉਸ ਵੱਲੋਂ ਕਥਿਤ ਤੌਰ 'ਤੇ ਆਪਣੇ ਪਿਤਾ ਦੀ ਮਦਦ ਨਾਲ ਕੀਤੇ ਗਏ ਇਨ੍ਹਾਂ ਕਤਲਾਂ ਨੇ ਪੂਰੇ ਖੇਤਰ ਵਿੱਚ ਸਹਿਮ ਦੀ ਲਹਿਰ ਫੈਲਾ ਦਿੱਤੀ ਹੈ। ਡਿਪਟੀ ਕਮਿਸ਼ਨਰ ਆਫ਼ ਪੁਲੀਸ ਸੈਂਟਰਲ ਰਵੀਨਾ ਤਿਆਗੀ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ, "ਸਾਨੂੰ ਥਾਣਾ ਨਾਕਾ ਖੇਤਰ ਤੋਂ ਸੂਚਨਾ ਮਿਲੀ ਸੀ ਕਿ ਹੋਟਲ ਸ਼ਰਨਜੀਤ ਦੇ ਇੱਕ ਕਮਰੇ ਵਿੱਚੋਂ ਪੰਜ ਲਾਸ਼ਾਂ ਮਿਲੀਆਂ ਹਨ। ਮੁਲਜ਼ਮ ਅਰਸ਼ਦ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਉਸ ਨੇ ਆਪਣੀ ਮਾਂ ਅਤੇ ਚਾਰ ਭੈਣਾਂ ਦੀ ਹੱਤਿਆ ਕਰਨ ਦਾ ਜੁਰਮ ਕਬੂਲਿਆ ਹੈ। ਇਨ੍ਹਾਂ ਵਿਚੋਂ ਕੁਝ ਦੀ ਜਾਨ ਗਲ਼ਾ ਵੱਢ ਕੇ ਅਤੇ ਕੁਝ ਦੀਆਂ ਵੀਣੀਆਂ ਦੀਆਂ ਨਸਾਂ ਵੱਢ ਕੇ ਲਈ ਗਈ।" ਮ੍ਰਿਤਕਾਂ ਦੀ ਪਛਾਣ ਆਲੀਆ (9), ਅਲਸ਼ੀਆ (19), ਅਕਸਾ (16), ਰਹਿਮੀਨ (18) ਅਤੇ ਉਨ੍ਹਾਂ ਦੀ ਮਾਂ ਅਸਮਾ ਵਜੋਂ ਹੋਈ ਹੈ। ਬੇਰਹਿਮੀ ਨਾਲ ਕੀਤੇ ਗਏ ਇਨ੍ਹਾਂ ਕਤਲਾਂ ਦਾ ਪਤਾ ਉਦੋਂ ਲੱਗਿਆ ਜਦੋਂ ਹੋਟਲ ਸਟਾਫ ਨੇ ਇੱਕ ਕਮਰੇ ਵਿੱਚ ਲਾਸ਼ਾਂ ਮਿਲਣ ਬਾਰੇ ਪੁਲੀਸ ਨੂੰ ਸੂਚਿਤ ਕੀਤਾ। ਇਸਲਾਮ ਨਗਰ, ਟੇਡੀ ਬਾਗੀਆ, ਕੁਬੇਰਪੁਰ, ਆਗਰਾ ਦੇ ਵਸਨੀਕ ਅਰਸ਼ਦ ਨੇ ਪੁੱਛਗਿੱਛ ਦੌਰਾਨ ਕਥਿਤ ਤੌਰ 'ਤੇ ਮੰਨਿਆ ਕਿ ਇਹ ਕਤਲ ਗੁਆਂਢੀਆਂ ਨਾਲ ਜੁੜੇ ਪਰਿਵਾਰਕ ਝਗੜੇ ਕਾਰਨ ਹੋਏ ਸਨ। ਉਸ ਦੇ ਇਕਬਾਲੀਆ ਬਿਆਨ ਮੁਤਾਬਕ ਪਰਿਵਾਰ ਨੂੰ ਪਹਿਲਾਂ ਅਜਮੇਰ ਸ਼ਰੀਫ਼ ਲਿਜਾਇਆ ਗਿਆ ਅਤੇ ਫਿਰ ਕਤਲ ਕੀਤੇ ਜਾਣ ਤੋਂ ਇੱਕ ਦਿਨ ਪਹਿਲਾਂ ਸਭ ਨੂੰ ਲਖਨਊ ਲਿਆਂਦਾ ਗਿਆ। ਡੀਸੀਪੀ ਤਿਆਗੀ ਨੇ ਕਿਹਾ, "ਅਰਸ਼ਦ ਨੇ ਦੋਸ਼ ਲਗਾਇਆ ਹੈ ਕਿ ਉਸ ਦੇ ਪਿਤਾ ਨੇ ਇਹ ਜੁਰਮ ਕਰਨ ਵਿੱਚ ਮਦਦ ਕੀਤੀ ਹੈ। ਉਂਝ ਇਹ ਪਤਾ ਜਾਂਚ ਤੋਂ ਬਾਅਦ ਹੀ ਲੱਗੇਗਾ ਕਿ ਉਸ ਦੇ ਪਿਤਾ ਦਾ ਜੁਰਮ ਵਿਚ ਕਿੰਨਾ ਹੱਥ ਹੈ। ਅਸੀਂ ਹੋਰ ਪੁੱਛਗਿੱਛ ਲਈ ਆਗਰਾ ਪੁਲੀਸ ਨਾਲ ਸੰਪਰਕ ਕੀਤਾ ਹੈ।" ਮੁਲਜ਼ਮ ਨੇ ਦੱਸਿਆ ਕਿ ਉਸਨੇ ਪਹਿਲਾਂ ਆਪਣੀ ਮਾਂ ਨੂੰ ਮਾਰਿਆ ਅਤੇ ਫਿਰ ਆਪਣੀਆਂ ਭੈਣਾਂ ਦੀ ਜਾਨ ਲਈ, ਜਦੋਂ ਉਹ ਹੋਟਲ ਦੇ ਕਮਰੇ ਵਿੱਚ ਸੁੱਤੀਆਂ ਹੋਈਆਂ ਸਨ। ਇੱਕ ਵੀਡੀਓ ਕਲਿੱਪ ਵਿੱਚ ਅਰਸ਼ਦ ਨੂੰ ਅਪਰਾਧ ਦਾ ਵਰਣਨ ਕਰਦੇ ਹੋਏ ਅਤੇ ਇਹ ਖੁਲਾਸਾ ਕਰਦੇ ਹੋਏ ਦਿਖਾਇਆ ਗਿਆ ਹੈ ਕਿ ਉਸ ਨੇ ਇਹ ਕਾਰਾ ਪਰਿਵਾਰਕ ਝਗੜਿਆਂ ਕਾਰਨ ਲੰਬੇ ਸਮੇਂ ਤੋਂ ਚੱਲੀ ਆ ਰਹੀ ਨਿਰਾਸ਼ਾ ਦੇ ਸਿੱਟੇ ਵਜੋਂ ਕੀਤਾ ਹੈ।

# 'ਆਪ' ਵਿਚ ਸ਼ਾਮਲ ਹੋਏ ਜਸਬੀਰ ਸਿੰਘ ਗੜ੍ਹੀ



ਬਹੁਜਨ ਸਮਾਜ ਪਾਰਟੀ ਦੇ ਸਾਬਕਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਜਸਵੀਰ ਸਿੰਘ ਗੜ੍ਹੀ ਨੂੰ 'ਆਪ' ਵਿੱਚ ਸ਼ਾਮਲ ਕਰਵਾਇਆ ਹੈ। ਦੱਸ ਦਈਏ ਕਿ ਜਸਬੀਰ ਸਿੰਘ ਗੜ੍ਹੀ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਬਹੁਜਨ ਸਮਾਜ ਪਾਰਟੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਇਹ ਹੁਕਮ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਜਾਰੀ ਕੀਤਾ ਸੀ। ਜਸਬੀਰ ਸਿੰਘ ਗੜ੍ਹੀ 2019 ਤੋਂ ਬਸਪਾ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ। ਉਨ੍ਹਾਂ ਦੀ ਪ੍ਰਧਾਨਗੀ ਹੇਠ ਸਾਲ 2022 ਵਿਚ ਵਿਧਾਨ ਸਭਾ ਚੋਣਾਂ ਲੜੀਆਂ ਗਈਆਂ ਸਨ। ਇਸ ਚੋਣ ਵਿਚ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਕੀਤਾ ਸੀ। ਉਨ੍ਹਾਂ ਦੀ ਪ੍ਰਧਾਨਗੀ ਹੇਠ ਬਸਪਾ ਜਨਰਲ ਸਕੱਤਰ ਨਛੱਤਰ ਪਾਲ ਸਿੰਘ ਨਵਾਂਸ਼ਹਿਰ ਤੋਂ ਜੇਤੂ ਰਹੇ। ਇਸ ਦੇ ਨਾਲ ਹੀ ਉਹ ਖ਼ੁਦ ਫਗਵਾੜਾ ਤੋਂ ਵਿਧਾਨ ਸਭਾ ਚੋਣ ਲੜ ਚੁੱਕੇ ਹਨ। ਉਹ 31232 ਵੋਟਾਂ (24.41%) ਨਾਲ ਤੀਜੇ ਸਥਾਨ 'ਤੇ ਰਹੇ ਸਨ। 'ਆਪ' ਵਿਚ ਸ਼ਾਮਲ ਹੋਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਨਵਾਂ ਸਾਲ ਤੇ ਨਵੀਆਂ ਗੱਲਾਂ ਹਨ। ਗੜ੍ਹੀ ਨੇ ਬੋਲਦਿਆਂ ਕਿਹਾ ਕਿ ਮੇਰੀ ਪਿਛਲੀ ਪਾਰਟੀ ਬਸਪਾ ਨੇ ਜੋ ਕੀਤਾ, ਮੈਂ ਉਸ 'ਤੇ ਲਗਾਤਾਰ ਦੋ ਮਹੀਨਿਆਂ ਤੋਂ ਚੁੱਪ ਸੀ ਕਿਉਂਕਿ ਮੈਂ ਵੇਖਣਾ ਚਾਹੁੰਦਾ ਸੀ ਕਿ ਪਾਰਟੀ ਨੇ ਜੋ ਮੈਨੂੰ ਬਰਖਾਸਤ ਕਰਨ ਦੀ ਗਲਤੀ ਕੀਤੀ ਉਹ ਸੁਧਾਰਦੇ ਹਨ ਜਾਂ ਨਹੀਂ ਪਰ ਨਹੀਂ ਅਜਿਹਾ ਕੁਝ ਨਹੀਂ ਹੋਇਆ। ਗੜ੍ਹੀ ਨੇ ਕਿਹਾ ਕਿ ਬਸਪਾ ਨੇ ਮੇਰਾ ਰਾਜਨੀਤਿਕ ਕਤਲ ਕਰ ਦਿੱਤਾ ਸੀ, ਇਸ ਲਈ ਮੈਂ ਆਪ ਆਦਮੀ ਪਾਰਟੀ ਦਾ ਪੱਲਾ ਫੜ੍ਹਿਆ ਹੈ।









# ਸਫ਼ਲ ਲੋਕਾਂ ਦੀਆਂ ਹੁੰਦੀਆਂ ਹਨ ਇਹ 10 ਆਦਤਾਂ

ਸਫ਼ਲਤਾ ਇਕ ਅਜਿਹੀ ਚੀਜ਼ ਹੈ ਜਿਸ ਦੀ ਚਾਹਤ ਹਰ ਕੋਈ ਰੱਖਦਾ ਹੈ। ਉਹ ਚਾਹੇ ਕਰੀਅਰ ਹੋਵੇ ਜਾਂ ਫਿਰ ਜੀਵਨ 'ਚ ਸਫ਼ਲਤਾ ਹਾਸਲ ਕਰਨ ਦੀ ਇੱਛਾ ਹਮੇਸ਼ਾ ਬਣੀ ਰਹਿੰਦੀ ਹੈ। ਹਾਲਾਂਕਿ ਸਫ਼ਲਤਾ ਕੇਵਲ ਕਿਸਮਤ ਦੀ ਖੇਡ ਨਹੀਂ ਹੈ ਬਲਕਿ ਇਹ ਕੁਝ ਖ਼ਾਸ ਆਦਤਾਂ ਦਾ ਰਿਜਲਟ ਹੁੰਦੀ ਹੈ। ਸਫ਼ਲ ਲੋਕ ਕੁਝ ਖ਼ਾਸ ਆਦਤਾਂ ਨੂੰ ਫਾਲੋ ਕਰਦੇ ਹਨ ਜੋ ਉਨ੍ਹਾਂ ਨੂੰ ਦੂਸਰਿਆ ਤੋਂ ਅਲੱਗ ਬਣਾਉਂਦੀਆਂ ਹਨ। ਆਓ ਜਾਣਦੇ ਹਾਂ ਸਫ਼ਲ ਲੋਕਾਂ ਦੀਆਂ ਇਹ 10 ਆਦਤਾਂ ਜੋ ਤੁਹਾਨੂੰ ਸਫ਼ਲ ਬਣਾਉਣ 'ਚ ਮਦਦ ਕਰਦੀਆਂ ਹਨ।

**ਮੰਜ਼ਿਲ ਤੈਅ ਕਰਦੇ ਹਨ**

ਸਫ਼ਲ ਲੋਕ ਜਾਣਦੇ ਹਨ ਕਿ ਉਹ ਜੀਵਨ ਤੋਂ ਕੀ ਚਾਹੁੰਦੇ ਹਨ ਤੇ ਉਸ ਨੂੰ ਪਾਉਣ ਲਈ ਕੀ ਕਰਨਾ ਪਵੇਗਾ। ਯਾਨੀ ਉਹ ਆਪਣੀ ਮੰਜ਼ਿਲ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦਾ ਸ਼ੱਕ ਨਹੀਂ ਰੱਖਦੇ। ਇਸ ਤੋਂ ਬਾਅਦ ਉਹ ਆਪਣੀ ਮੰਜ਼ਿਲ ਤਕ ਪਹੁੰਚਣ ਲਈ ਛੋਟੇ-ਛੋਟੇ ਟਾਰਗੇਟਸ ਵੰਡ ਕੇ ਉਸ ਨੂੰ ਹਾਸਲ ਕਰਨ ਦਾ ਪਲਾਨ ਬਣਾਉਂਦੇ ਹਨ।

**ਅਨੁਸ਼ਾਸ਼ਨ**

ਸਫ਼ਲ ਲੋਕ ਅਨੁਸ਼ਾਸ਼ਿਤ ਹੁੰਦੇ ਹਨ। ਉਹ ਆਪਣੀ ਮੰਜ਼ਿਲ ਨੂੰ ਹਾਸਲ ਕਰਨ ਲਈ ਨਿਯਮਿਤ ਰੂਪ ਨਾਲ ਕੰਮ ਕਰਦੇ ਹਨ। ਉਹ ਦੇਰ ਨਹੀਂ ਕਰਦੇ ਹਨ ਤੇ ਆਪਣੇ ਕੰਮ ਨੂੰ ਸਮੇਂ 'ਤੇ ਪੂਰਾ ਕਰਦੇ ਹਨ।

**ਸਖ਼ਤ ਮਿਹਨਤ**

ਸਫ਼ਲਤਾ ਲਈ ਸਖ਼ਤ ਮਿਹਨਤ ਕਰਨੀ ਬਹੁਤ ਜ਼ਰੂਰੀ ਹੈ। ਸਫ਼ਲ ਲੋਕ ਹਮੇਸ਼ਾਂ ਮਿਹਨਤ ਕਰਦੇ ਰਹਿੰਦੇ ਹਨ। ਉਹ ਨਵੀਆਂ ਚੀਜ਼ਾਂ ਸਿੱਖਣ ਲਈ ਉਤਸੁਕਤ ਰਹਿੰਦੇ ਹਨ ਤੇ ਆਪਣੀ ਸਮੱਰਥਾ ਨੂੰ ਵਧਾਉਣ ਲਈ ਲਗਾਤਾਰ ਕੋਸ਼ਿਸ਼ ਕਰਦੇ ਹਨ।

ਸਫ਼ਲ ਲੋਕ ਹਮੇਸ਼ਾਂ ਫੋਸਿਟਿਵਏ ਸੋਚ ਰੱਖਦੇ ਹਨ। ਉਹ ਮੁਸ਼ਕਲਾਂ ਨੂੰ ਚੁਣੌਤੀ ਦੇ ਰੂਪ 'ਚ ਲੈਂਦੇ ਹਨ ਤੇ ਉਨ੍ਹਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਉਹ ਹਮੇਸ਼ਾਂ ਆਸ਼ਾਵਾਦੀ ਯਾਨੀ ਚੰਗੇ ਦੀ ਉਮੀਦ ਲਗਾ ਕੇ ਰੱਖਦੇ ਹਨ ਤੇ ਸੋਚਦੇ ਹਨ ਕਿ ਉਹ ਸਫ਼ਲ ਹੋਣਗੇ।

**ਹਮੇਸ਼ਾਂ ਸਿੱਖਦੇ ਹਨ**

ਸਫ਼ਲ ਲੋਕ ਹਮੇਸ਼ਾਂ ਸਿੱਖਦੇ ਰਹਿੰਦੇ ਹਨ। ਉਹ ਨਵੀਆਂ ਚੀਜ਼ਾਂ ਜਾਨਣ ਤੇ ਜਾਣਕਾਰੀ ਵਧਾਉਣ ਲਈ ਉਤਸੁਕਤ ਰਹਿੰਦੇ ਹਨ। ਉਹ ਕਿਤਾਬਾਂ ਪੜ੍ਹਦੇ ਰਹਿੰਦੇ ਹਨ, ਨਵੀਆਂ ਸਕਿਲਸ ਸਿੱਖਦੇ ਹਨ ਤੇ ਦੂਸਰਿਆਂ ਤੋਂ ਸਿੱਖਣ ਲਈ ਵੀ ਤਿਆਰ ਰਹਿੰਦੇ ਹਨ।

**ਟਾਈਮ ਮੈਨਜ਼ਮੈਂਟ**

ਸਫ਼ਲ ਲੋਕ ਆਪਣੇ ਟਾਈਮ ਨੂੰ ਮੈਨਜ਼ ਕਰਨਾ ਜਾਣਦੇ ਹਨ। ਉਹ ਆਪਣੇ ਕੰਮ ਨੂੰ ਫਰਿੰਰਿਟੇ ਦਿੰਦੇ ਹਨ ਤੇ ਗੈਰ-ਜ਼ਰੂਰੀ ਕੰਮਾਂ 'ਚ ਸਮਾਂ ਬਰਬਾਦ ਨਹੀਂ ਕਰਦੇ ਹਨ। ਉਹ ਆਪਣੇ ਦਿਨ ਦਾ ਪਲਾਨ ਬਣਾਉਂਦੇ ਹਨ ਤੇ ਉਸ ਨੂੰ ਫਾਲੋ ਕਰਦੇ ਹਨ।

**ਚੰਗੇ ਸੰਬੰਧ**

ਸਫ਼ਲ ਲੋਕ ਦੂਸਰਿਆਂ ਨਾਲ ਚੰਗੇ ਸੰਬੰਧ ਬਣਾਈ ਰੱਖਦੇ ਹਨ ਤੇ ਦੂਸਰਿਆਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਹਨ। ਉਹ ਨੈਟਵਰਕਿੰਗ ਕਰਦੇ ਹਨ ਤੇ ਨਵੇਂ ਲੋਕਾਂ ਨਾਲ ਮਿਲਦੇ ਹਨ।

**ਰਿਸਕ ਲੈਣ ਦੀ ਯੋਗਤਾ**

ਸਫ਼ਲ ਲੋਕ ਰਿਸਕ ਲੈਣ ਤੋਂ ਨਹੀਂ ਡਰਦੇ ਹਨ। ਉਹ ਨਵੇਂ ਅਵਸਰਾਂ ਦੀ ਤਲਾਸ਼ ਕਰਦੇ ਹਨ ਤੇ ਉਨ੍ਹਾਂ ਦਾ ਫਾਇਦਾ ਚੁੱਕਣ ਲਈ ਤਿਆਰ ਰਹਿੰਦੇ ਹਨ। ਉਹ ਜਾਣਦੇ ਹਨ ਕਿ ਰਿਸਕ ਲੈਣ ਨਾਲ ਹੀ ਸਫ਼ਲਤਾ ਮਿਲ ਸਕਦੀ ਹੈ।

**ਧੀਰਜ**

ਸਫ਼ਲਤਾ ਰਾਤੋ-ਰਾਤ ਨਹੀਂ ਮਿਲਦੀ ਹੈ। ਸਫ਼ਲ ਲੋਕ ਧੀਰਜ ਰੱਖਦੇ ਹਨ ਤੇ ਆਪਣੀ ਮੰਜ਼ਿਲ ਨੂੰ ਹਾਸਲ ਕਰਨ ਲਈ ਲਗਾਤਾਰ ਕੋਸ਼ਿਸ਼ ਕਰਦੇ ਰਹਿੰਦੇ ਹਨ। ਉਹ ਅਸਫ਼ਲਤਾ ਤੋਂ ਨਾਰਾਜ਼ ਨਹੀਂ ਹੁੰਦੇ ਹਨ ਤੇ ਉਸ ਤੋਂ ਸਿੱਖਦੇ ਹਨ।

**ਸਿਹਤ ਦਾ ਧਿਆਨ**

ਸਫ਼ਲ ਲੋਕ ਆਪਣੀ ਸਿਹਤ ਦਾ ਧਿਆਨ ਰੱਖਦੇ ਹਨ। ਉਹ ਨਿਯਮਿਤ ਰੂਪ ਨਾਲ ਕਸਰਤ ਕਰਦੇ ਹਨ, ਹੈਲਦੀ ਡਾਈਟ ਲੈਂਦੇ ਹਨ ਤੇ ਪੂਰੀ ਨੀਂਦ ਲੈਂਦੇ ਹਨ। ਉਹ ਮੰਨਦੇ ਹਨ ਇਕ ਹੈਲਦੀ ਸਰੀਰ ਹੀ ਸਫ਼ਲਤਾ ਦੀ ਕੁੰਜੀ ਹੈ।

**ਸਫ਼ਲਤਾ ਲਈ ਇਹ ਗੱਲਾਂ ਹੈ ਜ਼ਰੂਰੀ**

ਆਪਣੀਆਂ ਕਮਜ਼ੋਰੀਆਂ ਨੂੰ ਪਛਾਣੋ ਤੇ ਉਨ੍ਹਾਂ 'ਤੇ ਕੰਮ ਕਰੋ।

ਇਕ ਪਾਜ਼ੀਟਿਵ ਮਾਹੌਲ ਬਣਾਓ।

ਆਤਮ-ਵਿਸ਼ਵਾਸ਼ ਰੱਖੋ।

ਆਪਣੀਆਂ ਛੋਟੀਆਂ-ਛੋਟੀਆਂ ਸਫ਼ਲਤਾਵਾਂ ਦਾ ਜਸ਼ਨ ਮਨਾਓ।



## ਸਾਂਝੇ ਭਾਈਚਾਰੇ ਲਈ ਮਸ਼ਹੂਰ

# ਦੁਬਈ ਦਾ ਗੁਰੂ ਨਾਨਕ ਦਰਬਾਰ





## ਟੋਰਾਂਟੋ ਤੋਂ ਦੁਬਈ ਟੂਰ

ਅੱਜ ਅਸੀਂ ਦੁਬਈ ਦੇ ਆਲੀਸ਼ਾਨ ਗੁਰੂ ਘਰ ਗੁਰੂ ਨਾਨਕ ਦਰਬਾਰ ਬਾਰੇ ਚਰਚਾ ਕਰ ਰਹੇ ਹਾਂ। ਸੰਯੁਕਤ ਅਰਬ ਅਮੀਰਾਤ ਦਾ ਸਮੁੱਚਾ ਸਿੱਖ ਭਾਈਚਾਰਾ ਸਿੱਖ ਧਰਮ ਅਸਥਾਨ ਦੀ ਉਸਾਰੀ ਦੇ ਨੇਕ ਉਦੇਸ਼ ਲਈ ਇਹ ਜ਼ਮੀਨ ਦੇਣ ਲਈ ਮਹਾਮਹਿਮ ਸ਼ੇਖ ਮੁਹੰਮਦ ਬਿਨ ਰਾਸ਼ਿਦ ਅਲ਼ ਮਕਤੂਮ ਦੀ ਦਿਆਲਤਾ ਅਤੇ ਉਦਾਰਤਾ ਲਈ ਗਹਿਰਾਈ ਨਾਲ ਰਿਣੀ ਰਹੇਗਾ।

ਭਾਰਤ ਅਤੇ ਯੂਏਈ ਨੇ ਆਮ ਤੌਰ 'ਤੇ ਸੁਖਾਵੇਂ ਸਬੰਧਾਂ ਨੂੰ ਅੱਗੇ ਹੀ ਰੱਖਿਆ ਹੈ। ਅਾਂਸ਼ਕ ਤੌਰ 'ਤੇ ਏਸ਼ੀਆ 'ਚ ਬ੍ਰਿਟਿਸ਼ ਮੌਜੂਦਗੀ ਦੇ ਨਾਲ ਉਹਨਾਂ ਦੇ ਸਾਂਝੇ ਇਤਿਹਾਸ ਦੇ ਕਾਰਨ, ਵਪਾਰ ਸਮਝੌਤੇ ਦੇ ਨਾਲ, ਦੁਬਈ ਧਾਰਮਿਕ ਸਹਿਣਸ਼ੀਲਤਾ ਦਾ ਇੱਕ ਓਏਸਿਸ ਹੈ। ਕਮਿਉਨਿਟੀ ਦੇ ਲੀਡਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਲਈ ਇੱਕ ਵੱਡੀ ਥਾਂ ਬਣਾਉਣ ਦੀ ਸੰਭਾਵਨਾ ਵੱਲ ਧਿਆਣ ਦਿੱਤਾ ਗਿਆ। ਇੱਕ ਸਮਾਂ ਸੀ ਜਦੋਂ 5 ਪਰਿਵਾਰਾਂ ਤੋਂ 50 ਪਰਿਵਾਰਾਂ ਦਾ ਆਪਸੀ ਸਹਿਯੋਗ ਮਿਲਨਾ ਸ਼ੁਰੂ ਹੋ ਗਿਆ। ਸਮੂਹ ਭਾਈਚਾਰਾ ਯਾਨਿ ਹਰ ਪਰਿਵਾਰ ਰੱਲ-ਮਿਲ ਕੇ ਰੋਟੀਆਂ, ਦਾਲ, ਸਬਜ਼ੀਆਂ ਆਪਣੇ ਘਰੋਂ ਬਣਾ ਕੇ ਲਿਆਂਦੇ ਅਤੇ ਅਨੰਦ ਮਾਣਦੇ ਸਨ। ਭਾਵੇਂ ਅਸਥਾਈ ਗੁਰਦੁਆਰੇ ਤੌਰ 'ਤੇ ਪਰ ਇੱਕਠੇ ਹੁੰਦੇ ਰਹੇ। ਉਸ ਸਮੇਂ ਇੱਕ ਇਸਲਾਮੀ ਰਾਜ ਦੇ ਦਿਲ 'ਚ ਇੱਕ ਸਥਾਈ ਅਤੇ ਸਰਕਾਰੀ ਗੁਰਦੁਆਰਾ ਬਣਾਉਣ ਦੀ ਸੋਚ ਨੂੰ ਇੱਕ ਅਰਬੀ ਮਿਰਜ਼ੇ ਤੋਂ ਘੱਟ ਨਹੀਂ ਮੰਨਿਆ ਜਾਂਦਾ ਸੀ। 27 ਸਾਲ ਪਹਿਲਾਂ ਸ਼ੁਰੂ ਹੋਏ ਯਤਨ ਬਰਾਬਰ ਜਾਰੀ ਰਹੇ। ਉਹ ਸਮਾਂ ਆ ਗਿਆ ਜੱਦ ਯੂਏਈ ਦੇ ਉਪ-ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਰਾਸ਼ਿਦ ਅਲ ਮਖਤੂਮ ਨੇ ਆਪਣੀ ਕਮਿਉਨਿਟੀ ਨੂੰ ਗੁਰੂ ਘਰ ਬਣਾਉਣ ਲਈ ਜ਼ਮੀਨ ਦੇ ਦਿੱਤੀ। ਇਮਾਮਾਂ ਦੀ ਕੌਂਸਲ ਵੱਲੋਂ ਦਿੱਤੀ ਸਹਿਮਤੀ ਨੇ ਆਪਣੇ ਭਾਈਚਾਰੇ ਦੇ ਹਰ ਦਿੱਲ ਨੂੰ ਖੁਸ਼ ਕਰ ਦਿੱਤਾ। ਜੂਨ 2010 'ਚ, ਗੁਰੂ ਨਾਨਕ ਦਰਬਾਰ ਦੀ ਨੀਂਹ ਪੂਰੇ ਰਸਮਾਂ ਨਾਲ ਰੱਖੀ ਗਈ ਸੀ। ਦੁਬਈ ਦੀ ਰੇਤੀਲੀ ਧਰਤੀ 'ਤੇ ਇਹ ਪਹਿਲਾ ਅਧਿਕਾਰਤ ਗੁਰੂ ਘਰ ਬਣਾਉਣ ਲਈ ਮਾਡਰਨ ਤਕਨੀਕ ਵਰਤੀ ਗਈ।

ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਦੁਬਈ ਸਥਿਤ ਆਰਕੀਟੈਕਟ ਫਰਮ ਹੋਲਫੋਰਡ ਐਸੋਸੀਏਟਸ ਨੇ ਇਸ ਦੁਬਈ ਗੁਰਦੁਆਰੇ ਨੂੰ ਡਿਜ਼ਾਈਨ ਕੀਤਾ। ਹੋਲਫੋਰਡ ਐਸੋਸੀਏਟਸ ਨੂੰ ਪਹਿਲਾਂ ਹੀ ਕਰੀਬ 20 ਚਰਚਾਂ, ਚਾਰ ਮਸਜਿਦਾਂ ਅਤੇ 1 ਮੰਦਰ ਦਾ ਕ੍ਰੈਡਿਟ ਦਿੱਤਾ ਗਿਆ ਹੈ। ਯੂਕੇ ਦੇ ਰਿਚਰਡ ਐਡਮਜ਼ ਤੋਂ ਵੀ ਸਲਾਹ ਲਈ ਗਈ ਸੀ, ਜੋ ਲੰਡਨ ਸਾਉਥਾਲ ਸਥਿਤ ਸ਼੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਨਾਲ ਜੁੜੇ ਹੋਏ ਹਨ। ਗੁਰੂ ਨਾਨਕ ਦਰਬਾਰ, ਦੁਬਈ ਦੀ ਉਸਾਰੀ ਦੁਨੀਆ ਭਰ ਦੇ ਕਈ ਗੁਰਦੁਆਰਿਆਂ ਦੇ ਆਰਕੀਟੈਕਚਰ ਅਤੇ ਉਸਾਰੀ ਦੇ ਤੁਲਨਾਤਮਕ ਸਟਡੀ ਤੋਂ ਸਿੱਖਣ 'ਤੇ ਅਧਾਰਤ ਸੀ। ਪਾਲ ਬਿਸ਼ਪ ਅਤੇ ਡਿਜ਼ਾਈਨਰ ਅਰਾਫੇਹ ਬਸ਼ੀਰ ਨੇ ਹਰਿਮੰਦਰ ਸਾਹਿਬ ਦਾ ਦੌਰਾ ਕੀਤਾ ਅਤੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਫਰੈਸਕੋ ਅਤੇ ਕੰਧ ਚਿੱਤਰਕਾਰੀ ਦਾ ਅਧਿਐਨ ਕੀਤਾ।

ਗੁਰੂ ਨਾਨਕ ਦਰਬਾਰ ਦੀ ਉਸਾਰੀ ਦਾ ਕੰਮ ਮਈ 2008 ਤੋਂ ਸ਼ੁਰੂ ਹੋ ਕੇ ਦਸੰਬਰ 2011 'ਚ ਮੁਕੰਮਲ ਹੋ ਗਿਆ ਸੀ। ਆਰਕੀਟੈਕਚਰਲ ਕੰਪਨੀਆਂ ਨੂੰ 12, 500 ਵਰਗ ਫੁੱਟ 'ਤੇ 3 ਮੰਜ਼ਿਲਾ ਢਾਂਚੇ ਨੂੰ ਰੂਪ ਦੇਣ ਲਈ 2 ਸਾਲ ਲੱਗ ਗਏ। ਇਸਦੇ ਨਿਰਮਾਣ 'ਚ ਕੋਈ ਸਮਝੋਤਾ ਨਹੀਂ ਕੀਤਾ ਗਿਆ ਤਾਕਿ ਕਮਿਊਨਿਟੀ ਦੀ ਇਸ ਇਮਾਰਤ ਦਾ ਆਉਣ ਵਾਲੀਆਂ ਪੀੜੀਆਂ ਇਸਦੀ ਵਰਤੋਂ ਕਰ ਸਕਣ। 17 ਜਨਵਰੀ 2012 ਵਾਲੇ ਦਿਨ ਖਾੜੀ ਖੇਤਰ ਦੇ ਸੱਭ ਤੋਂ ਵੱਢੇ ਗੁਰਦੁਆਰੇ ਨੂੰ ਯੂਏਈ 'ਚ 50,000 ਤੋਂ ਵੱਧ ਸ਼ਰਧਾਲੂਆਂ ਲਈ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ। ਇਸ ਸ਼ਾਨਦਾਰ ਇਮਾਰਤ ਦੀ ਕੀਮਤ 65 ਮਿਲੀਅਨ ਦਿਰਹਾਮ ਜਾਂ 20 ਮਿਲੀਅਨ ਯੂ.ਐੱਸ ਡਾਲਰ ਤੋਂ ਵੱਧ ਖਰਚ ਕੀਤੀ ਗਈ ਸੀ। ਇਸ ਇਤਿਹਾਸਕ ਪੱਲ ਲਈ, ਯੂਏਈ ਵੱਲੋਂ ਸ਼ਾਨਦਾਰ ਇਸ਼ਾਰਾ ਸੀ ਅਤੇ ਸਾਂਝੇ ਭਾਈਚਾਰੇ ਅਤੇ ਯੂਏਈ ਸਰਕਾਰ ਦੇ ਸਬੰਧਾਂ 'ਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਦਾ ਸੰਕੇਤ ਸੀ।



**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

ਰਵਾਇਤੀ ਇਮਾਰਤ ਸ਼ੈਲੀ ਦਾ ਸੁਮੇਲ, ਅਤਿ-ਆਧੁਨਿਕ ਗੁਰਦੁਆਰਾ ਆਰਕੀਟੈਕਚਰਲ ਡਿਜ਼ਾਈਨ ਦਾ ਇੱਕ ਦੁਰਲੱਭ ਹਿੱਸਾ ਹੈ। ਗੁਰੂ ਨਾਨਕ ਦਰਬਾਰ ਅੰਦਰ ਅਰਦਾਸ ਕਰਕੇ ਇੱਕ ਸੱਚੀ ਸ਼ਾਂਤੀ ਅਤੇ ਸਕੂਨ ਮਿਲਦਾ ਹੈ। ਇਹ ਇਮਾਰਤ 21,000 ਵਰਗ ਫੁੱਟ ਜ਼ਮੀਨੀ 'ਚ ਡਾਈਨਿੰਗ ਹਾਲ, ਰਸੋਈ, ਪੈਂਟਰੀ ਅਤੇ ਸਟੋਰ ਰੂਮ ਹਨ। ਸੜਕ ਦੇ ਅਗਲੇ ਹਿੱਸੇ ਦੇ ਆਲੇ-ਦੁਆਲੇ ਵਗਦਾ ਜਲ-ਪ੍ਰਵਾਹ ਹਰਿਮੰਦਰ ਸਾਹਿਬ ਦੇ ਸਰੋਵਰ ਤੋਂ ਪ੍ਰੇਰਿਤ ਹੈ। ਪਹਿਲੀ ਮੰਜ਼ਿਲ 'ਤੇ ਥੰਮ-ਰਹਿਤ ਪ੍ਰਾਰਥਨਾ ਹਾਲ ਦੇ 2-2 ਦਰਵਾਜ਼ੇ ਹਨ ਜੋ ਇਸ ਵੱਲ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਲਈ ਸੋਨੇ ਦੀਆਂ ਛਤਰੀਆਂ ਹਨ। ਕੰਧਾਂ ਅਤੇ ਫਰਸ਼ 'ਤੇ ਇਤਾਲਵੀ ਸੰਗਮਰਮਰ, 'ਤੇ ਮੁਰਾਨੋ, ਇਟਲੀ ਤੋਂ ਸ਼ਾਨਦਾਰ ਝੰਡੇ ਸਥਿਤ ਹਨ। ਹਾਲ ਦੇ ਵਿਚਕਾਰ ਇੱਕ ਉੱਚਾ ਥੜਾ ਹੈ, ਜੋ ਕਿ ਫਰਸ਼ ਤੋਂ ਕਰੀਬ 1 ਮੀਟਰ ਉੱਪਰ ਹੈ, ਜਿਸਦੇ ਚਾਰੇ ਪਾਸਿਆਂ 'ਤੇ ਸੋਨੇ ਦੇ ਥੰਮ ਹਨ। ਪਲੇਟਫਾਰਮ ਦੇ ਉੱਪਰ ਸੋਨੇ ਦਾ ਕਮਲ-ਆਕਾਰ ਦਾ ਗੁੰਬਦ ਹੈ। ਇਸ ਗੋਲਡ ਪਲੇਟਿਡ ਗੁੰਬਦ ਦੇ ਅੰਦਰ ਕਪੜੇ ਦੇ ਇੱਕ ਟੁਕੜੇ ਨਾਲ ਕਤਾਰਬੱਧ ਕੀਤਾ ਗਿਆ ਹੈ ਜਿਸਦੇ ਆਲੇ-ਦੁਆਲੇ ਕਿਨਾਰੇ 'ਤੇ ਸੋਨੇ ਦੀ ਕਿਨਾਰੀ ਹੈ, ਇੱਕ ਸ਼ਾਹੀ ਪ੍ਰਤੀਕ ਹੈ।

ਥੜੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਜਦੋਂ ਤੋਂ ਇਹ ਪ੍ਰਕਾਸ਼ ਹੋਇਆ ਹੈ- ਸ੍ਰੀ ਹਰਿਮੰਦਰ ਸਾਹਿਬ 'ਚ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਚੰਦੋਆ ਸਾਹਿਬ- ਇੱਕ ਛਤਰ-ਛਾਇਆ ਹੈ। ਇਸ ਨੂੰ ਕਈ ਰੁਮਾਲਾ ਸਾਹਿਬ ਜਾਂ ਕੱਪੜੇ ਦੇ ਚੋਰਸ ਟੁੱਕੜਿਆਂ ਨਾਲ ਢੱਕਿਆ ਜਾਂਦਾ ਹੈ। ਚੰਦੋਆ ਦਾ ਸ਼ਾਬਦਿਕ ਅਰਥ ਹੈ ਚੰਦਰਮਾ ਦਾ ਸ਼ਿਲਾਲੇਖ ਵਾਲਾ ਢੱਕਣ। ਇਸਦਾ ਮੂਲ ਇਸਲਾਮੀ ਸੱਭਿਆਚਾਰ 'ਚ ਹੈ। ਪੂਰਾ ਦਿਨ ਪਾਵਨ ਅਸਥਾਨ ਗੁਰਬਾਣੀ ਦੀਆਂ ਧੁੰਨਾਂ ਨਾਲ ਗੂੰਜਦਾ ਰਹਿੰਦਾ ਹੈ। ਰੋਜ਼ਾਨਾਂ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਅਰਦਾਸ, ਸ਼ੁਕਰਾਨਾ ਕਰਨ ਲਈ ਆਉਂਦੇ ਹਨ। ਇੱਥੇ ਜਾਤ ਜਾਂ ਧਰਮ ਦੀ ਪਰਵਾਹ ਕੀਤੇ ਬਿਨਾ ਹਰ ਇੱਕ ਦਾ ਨਿੱਘਾ ਸਵਾਗਤ ਕੀਤਾ ਜਾਂਦਾ ਹੈ।

ਸ਼ਰਧਾਲੂ-ਸੰਗਤਾਂ ਲਈ ਨਿੱਜੀ ਅਖੰਡ ਪਾਠ ਸਾਹਿਬ, ਸਹਿਜ ਪਾਠ, ਸੁਖਮਨੀ ਸਾਹਿਬ ਪਾਠ, ਕੀਰਤਨ, ਲੰਗਰ, ਬੱਚੇ ਦੇ ਨਾਮਕਰਨ ਦੀ ਰਸਮ, ਬਾਲ ਅੰਮ੍ਰਿਤ ਸਮਾਗਮ, ਆਨੰਦ ਕਾਰਜ ਦੀ ਰਸਮ, ਵਿਆਹ ਸਬੰਧੀ ਸੇਵਾਵਾਂ, ਸ਼ੋਕ ਜਾਂ ਯਾਦਗਾਰੀ ਪ੍ਰਾਰਥਨਾ, ਜਨਮਦਿਨ ਜਾਂ ਵਰੇਗੰਢ ਦੀ ਪ੍ਰਾਰਥਨਾ, ਸੇਵਾਵਾਂ ਵੀ ਦਿੱਤੀਆਂ ਜਾ ਰਹੀਆਂ ਹਨ। ਗੁਰਬਾਨੀ-ਕੀਰਤਨ ਦੀਆਂ ਕਲਾਸਾਂ ਦੇ ਨਾਲ ਮੇਡੀਟੇਸ਼ਨ ਅਤੇ ਲਾਇਬ੍ਰੇਰੀ ਦੀ ਸੁਵਿਧਾ ਵੀ ਹੈ। ਸਮਾਰੋਹ ਹਾਲ ਦੀ ਕੈਪੇਸਿਟੀ ਕਰੀਬਨ 3000 ਦੀ ਹੈ। ਵਿਆਹ, ਸਮਾਗਮਾਂ ਦੀ ਰਸਮਾਂ ਲਈ ਵਧੀਆ ਸਟੇਜ ਵੀ ਬਣਾਈ ਹੋਈ ਹੈ। ਇਸ ਗੁਰੂ ਨਾਨਕ ਦਰਬਾਰ ਵਿਖੇ, ਲੰਗਰ ਹਾਲ, ਜਿੱਥੇ ਇੱਕੋ ਸਮੇਂ 900 ਲੋਕ ਇੱਕਠੇ ਬੈਠ ਸਕਦੇ ਹਨ। ਦੱਸਿਆ ਗਿਆ ਕਿ ਗੁਰੂ ਘਰ ਦੀ ਮਾਡਰਨ ਰਸੋਈ 'ਚ ਹਰ ਹਫਤੇ 700 ਕਿਲੋ ਤੋਂ ਵੱਧ ਚਾਵਲ, 1200 ਕਿਲੋ ਕਣਕ ਦਾ ਆਟਾ ਅਤੇ 200 ਕਿਲੋ ਘੀ ਇਸਤੇਮਾਲ ਹੋ ਜਾਂਦਾ ਹੈ।

ਗੁਰੂ ਨਾਨਕ ਦਰਬਾਰ ਅੰਦਰ ਧਰਮ ਦੇ ਸਿਧਾਂਤਾਂ ਅਨੁਸਾਰ ਸਾਂਝੇ ਭਾਈਚਾਰੇ ਦਾ ਪੂਰਾ ਸਤਕਾਰ ਕੀਤਾ ਜਾਂਦਾ ਹੈ। ਯੂਏਈ ਜ਼ਿਆਦਾਤਰ ਬਲੂ-ਕਾਲਰ ਵਰਕਰ ਆਪਣੇ ਪਰਿਵਾਰਾਂ ਤੋਂ ਦੂਰ ਹਨ। ਉਨਾਂ ਨੂੰ ਇੱਥੇ ਇੱਕ-ਦੂਜੇ ਨੂੰ ਮਿਲਣ ਦਾ ਵਧੀਆ ਮੌਕਾ ਵੀ ਮਿਲ ਜਾਂਦਾ ਹੈ। ਪਤਾ ਲੱਗਾ ਕਿ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਕਈ ਸਿੰਧੀ, ਹਿੰਦੂ ਪੰਜਾਬੀਆਂ ਤੋਂ ਇਲਾਵਾ ਕਈ ਅਫਗਾਨੀ ਸਿੱਖ ਵੀ ਨਮਾਜ਼ ਅਦਾ ਕਰਨ ਆਉਂਦੇ ਹਨ। ਗੁਰੂ ਨਾਨਕ ਦਰਬਾਰ ਦੁਬਈ, ਯੂਕੇ, ਅਮਰੀਕਾ, ਏਸ਼ੀਆ, ਯੂਰਪ, ਦੂਰ ਪੂਰਬ, ਅਫਰੀਕਾ, ਆਸਟ੍ਰੇਲੀਆ, ਕੈਨੇਡਾ ਤੋਂ ਆਉਣ ਵਾਲੇ ਟੂਰਿਸਟਾਂ ਲਈ ਖਿੱਚ ਦਾ ਕੇਂਦਰ ਹੈ। ਦੁਬਈ ਦੇ ਸੈਰ ਸਪਾਟਾ ਅਤੇ ਵਣਜ ਮਾਰਕੀਟਿੰਗ ਵਿਭਾਗ ਨੇ ਗੁਰੂ ਨਾਨਕ ਦਰਬਾਰ ਨੂੰ ਦੁਬਈ 'ਚ ਮਿਲਣ ਵਾਲੇ ਆਕਰਸ਼ਣਾਂ ਦੀ ਸੂਚੀ 'ਚ ਸ਼ਾਮਲ ਕੀਤਾ ਹੈ। ਸਾਰੇ ਫੈਸਟੀਵਲਸ, 'ਤੇ ਸਾਰੇ ਗੁਰਪੁਰਬ ਸਮਾਗਮ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਏ ਜਾਂਦੇ ਹਨ। ਅਗਲੀ ਬਾਰ ਦੁਬਈ ਦੇ ਹੋਰ ਵਿਸ਼ੇ ਬਾਰੇ ਚਰਚਾ ਕਰਾਂਗੇ।












# ਰਾਸ਼ੀਫਲ

**ਮੇਖ :** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਤੀ ਨੂੰ ਭੰਗ ਕਰ ਸਕਦੀ ਹੈ। ਲੰਬੇ ਸਮੇਂ ਤੋਂ ਰੁਕੇ ਮੁਆਵਜ਼ੇ ਅਤੇ ਕਰਜ਼ ਆਦਿ ਆਖਿਰਕਾਰ ਤੁਹਾਨੂੰ ਮਿਲ ਜਾਣਗੇ। ਕਿਸੇ ਕਿਸੇ ਵੀ ਚੀਜ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਆਪਣੇ ਪਰਿਵਾਰ ਦੀ ਸਲਾਹ ਲਵੋ। ਤੁਹਾਡਾ ਆਪਣਾ ਇਕਤਰਫਾ ਫੈਸਲਾ ਕੁਝ ਮੁਸ਼ਕਿਲ ਖੜੀ ਕਰ ਸਕਦਾ ਹੈ। ਬੇਹਿਤਰ ਪਰਿਣਾਮ ਦੇ ਲਈ ਪਰਿਵਾਰ ਵਿਚ ਤਾਲਮੇਲ ਪੈਦਾ ਕਰੋ। ਰੋਮਾਂਸ ਤੁਹਾਡੇ ਦਿਲ ਅਤੇ ਦਿਮਾਗ ਨੂੰ ਨਿਯੰਤਰਿਤ ਕਰਦਾ ਹੈ। ਪੱਤਰ ਵਿਹਾਰ ਦੇ ਬੈਕਲਾਗ ਨੂੰ ਉੱਚ ਤਰਜੀਹ ਦੀ ਲੋੜ ਹੈ। ਅਜਿਹੀ ਤਬਦੀਲੀਆਂ ਲਿਆਉ ਜੋ ਤੁਹਾਡੀ ਦਿੱਖ ਨੂੰ ਵਧਾ ਸਕਦੀਆਂ ਹਨ ਅਤੇ ਸੰਭਾਵਿਤ ਪਾਰਟਨਰਾਂ ਪ੍ਰਤੀ ਆਕਰਸ਼ਿਤ ਕਰਨਗੀਆਂ। ਤੁਹਾਡੇ ਮੁਸ਼ਕਿਲ ਸਮੇਂ ਵਿਚ ਬਿਹਤਰ ਅੱਧ ਦਾ ਸਮਰੱਥਨ ਦੀ ਘਾਟ ਤੁਹਾਨੂੰ ਨਿਰਾਸ਼ਾ ਵੱਲ ਲੈ ਜਾ ਸਕਦੀ ਹੈ।

**ਬ੍ਰਿਸ਼ਭ:** ਤੁਹਾਡੀਆਂ ਇਛਾਵਾਂ ਅਤੇ ਅਭਿਲਾਸ਼ਵਾਂ ਤੇ ਡਰ ਦਾ ਪਰਛਾਵਾਂ ਪੈ ਸਕਦਾ ਹੈ ਇਸ ਦਾ ਸਾਹਮਣਾ ਕਰਨ ਲਈ ਤੁਹਾਨੂੰ ਉੱਪਯੁਕਤ ਸਲਾਹ ਦੀ ਲੋੜ ਹੈ। ਜੇਕਰ ਤੁਸੀ ਲੰਬੇ ਸਮੇਂ ਲਈ ਨਿਵੇਸ਼ ਕਰੋਂਗੇ ਤਾਂ ਚੰਗਾ ਖਾਸਾ ਲਾਭ ਹਾਸਿਲ ਹੋ ਸਕਦਾ ਹੈ। ਪੜ੍ਹਾਈ ਦੇ ਸਮੇਂ ਘਰ ਤੋਂ ਬਾਹਰ ਜ਼ਿਆਦਾਤਰ ਬਾਹਰ ਰਹਿਣਾ ਤੁਹਾਡੇ ਮਾਤਾ ਪਿਤਾ ਨੂੰ ਗੁੱਸੇ ਦਾ ਸ਼ਿਕਾਰ ਬਣ ਸਕਦਾ ਹੈ। ਕਰੀਅਰ ਦੇ ਲਈ ਯੋਜਨਾ ਬਣਾਉਣਾ ਉਨਾ ਹੀ ਮੁਸ਼ਕਿਲ ਹੈ ਜਿਨਾਂ ਕਿ ਖੇਡਣਾ। ਇਸ ਲਈ ਮਾਤਾ ਪਿਤਾ ਨੂੰ ਖੁਸ਼ ਕਰਨ ਦੇ ਲਈ ਦੋਨਾਂ ਵਿਚ ਸੰਤੁਲਨ ਬਣਾਉਣਾ ਜ਼ਰੂਰੀ ਹੈ। ਤੁਹਾਡਾ ਪਿਆਰ ਅਸਵੀਕਾਰ ਨੂੰ ਸੱਦਾ ਦੇ ਸਕਦਾ ਹੈ। ਜੇਕਰ ਤੁਸੀ ਆਪਣੇ ਕੰਮ ਤੇ ਧਿਆਨ ਦਿਉ ਤਾਂ ਕਾਮਯਾਬੀ ਅਤੇ ਮਾਨਤਾ ਤੁਹਾਡੀ ਹੋਵੇਗੀ। ਯਾਤਰਾ ਅਤੇ ਸੈਰ ਨਾ ਕੇਵਲ ਆਨੰਦਦਾਇਕ ਸਿੱਧ ਹੋਵੇਗੀ ਬਲਕਿ ਸਿੱਖਿਆਤਮਕ ਵੀ ਰਹੇਗੀ। ਅੱਜ ਤੁਹਾਡੇ ਅਤੇ ਤੁਹਾਡੇ ਪਾਰਟਨਰ ਵਿਚ ਅਲੱਗ ਅਲੱਗ ਵਿਚਾਰਾਂ ਦੇ ਚਲਦੇ ਵਾਦ ਵਿਵਾਦ ਹੋ ਸਕਦਾ ਹੈ।



**ਮਿਥੁਨ :** ਸਿਹਤ ਦਾ ਖਿਆਲ ਰੱਖੋ ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦਾ ਹੈ। ਕੇਵਲ ਇਕ ਦਿਨ ਨੂੰ ਨਜ਼ਰ ਵਿਚ ਰੱਖ ਕੇ ਆਪਣੀ ਆਦਤ ਕਾਬੂ ਵਿਚ ਕਰੋ ਅਤੇ ਲੋੜ ਤੋਂ ਜ਼ਿਆਦਾ ਸਮਾਂ ਤੇ ਪੈਸਾ ਮਨੋਰੰਜਨ ਤੇ ਖਰਚ ਨਾ ਕਰੋ। ਦਫਤਰ ਦੇ ਕੰਮਕਾਜ ਵਿਚ ਜ਼ਿਆਦਾ ਵਿਅਸਤ ਦੇ ਚਲਦੇ ਆਪਣੇ ਜੀਵਨਸਾਥੀ ਦੇ ਨਾਲ ਤੁਹਾਡਾ ਰਿਸ਼ਤਾ ਤਣਾਅਪੂਰਨ ਹੋ ਸਕਦਾ ਹੈ। ਅੱਜ ਇਹ ਹੋ ਸਕਦਾ ਹੈ ਕਿ ਪਹਿਲੀ ਨਜ਼ਰ ਵਿਚ ਹੀ ਤੁਹਾਨੂੰ ਕੋਈ ਪਸੰਦ ਕਰ ਲਵੇ। ਦਫਤਰ ਵਿਚ ਕੰਮ ਤੇਜ਼ ਹੋਵੇਗਾ ਕਿਉਂ ਕਿ ਸਹਿਯੋਗੀ ਅਤੇ ਬਜ਼ੁਰਗ ਪੂਰਾ ਸਹਿਯੋਗ ਦਿੰਦੇ ਹਨ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਆਪ ਨੂੰ ਸਮਝਣ ਦੀ ਲੋੜ ਹੈ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੁਨੀਆਂ ਦੀ ਭੀੜ ਵਿਚ ਕਿਤੇ ਖੋ ਗਏ ਹੋ ਤਾਂ ਆਪਣੇ ਲਈ ਸਮਾਂ ਕੱਢੋ ਅਤੇ ਆਪਣੇ ਵਿਅਕਤਿਤਵ ਦਾ ਆਂਕਲਣ ਕਰੋ। ਜੇਕਰ ਤੁਸੀ ਇਹ ਸਮਝਦੇ ਹੋ ਕਿ ਵਿਆਹ ਸਿਰਫ ਸੈਕਸ ਦੇ ਲਈ ਹੁੰਦਾ ਹੈ ਇਹ ਝੂਠ ਹੈ ਕਿਉਂ ਕਿ ਅੱਜ ਤੁਹਾਨੂੰ ਸੱਚੇ ਪਿਆਰ ਦਾ ਅਹਿਸਾਸ ਹੋਵੇਗਾ।

**ਕਰਕ :** ਚਿੜਚਿੜਾਣਾ ਅਤੇ ਖਿੱਜਣਾ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਪੁਰਾਣੀ ਗੱਲਾਂ ਵਿਚ ਨਾ ਉਲਝੋ ਅਤੇ ਜਿਨਾਂ ਹੋ ਸਕੇ ਆਰਾਮ ਕਰਨ ਦੀ ਕੋਸ਼ਿਸ਼ ਕਰੋ। ਬੋਲਦੇ ਸਮੇਂ ਅਤੇ ਆਰਥਿਕ ਲੈਣ ਦੇਣ ਸਮੇਂ ਸਾਵਧਾਨੀ ਵਰਤਣ ਦੀ ਲੋੜ ਹੈ। ਬਚਿਆਂ ਦਾ ਪੜ੍ਹਾਈ ਤੇ ਧਿਆਨ ਲਗਾਉਣ ਅਤੇ ਭਵਿੱਖ ਦੇ ਲਈ ਯਜਨਾ ਬਣਾਉਣ ਦੀ ਲੋੜ ਹੈ। ਆਪਣੇ ਪਿਆਰ ਦੀ ਇਮਾਨਦਾਰੀ ਤੇ ਸ਼ੱਕ ਨਾ ਕਰੋ। ਨਵੀਆਂ ਯੋਜਨਾਵਾਂ ਅਤੇ ਉਦਮਾਂ ਨੂੰ ਸ਼ੁਰੂ ਕਰਨ ਦੇ ਲਈ ਵਧੀਆ ਦਿਨ ਹੈ। ਤੁਸੀ ਆਪਣੇ ਸਰੀਰ ਨੂੰ ਫਿਰ ਤੋਂ ਜੀਵਾਉਣ ਅਤੇ ਤਦੰਰੁਸਤ ਬਣਾਉਣ ਦੀ ਯੋਜਨਾ ਬਣਾਉਂਗੇ ਪਰ ਬਾਕੀ ਦਿਨਾਂ ਵਾਂਗ ਤੁਸੀ ਇਸ ਨੂੰ ਚਲਾਉਣ ਵਿਚ ਵੀ ਅਸਫਲ ਹੋਵੋਂਗੇ। ਅੱਜ ਤੁਸੀ ਅਤੇ ਤੁਹਾਡਾ ਜੀਵਨਸਾਥੀ ਸੱਚਮੁਚ ਡੂੰਘੇ ਆਤਮਿਕ ਰੋਮਾਂਟਿਕ ਪਲਾਂ ਨਾਲ ਗੱਲ ਕਰੋਂਗੇ।

**ਸਿੰਘ:** ਖੁਦ ਹੀ ਆਪਣਾ ਇਲਾਜ ਕਰਨਾ ਘਾਤਕ ਸਿੱਧ ਹੋ ਸਕਦਾ ਹੈ ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਉ ਨਹੀਂ ਤਾ ਲੈਣੇ ਦੇ ਦੈਣੇ ਪੈ ਸਕਦੇ ਹਨ। ਅੱਜ ਅਦਾਲਤ ਦਾ ਫੈਂਸਲਾ ਤੁਹਾਡੇ ਹੱਕ ਵਿਚ ਆ ਸਕਦਾ ਹੈ ਜੇਕਰ ਤੁਸੀ ਪੈਸਿਆਂ ਨਾਲ ਜੁੜੇ ਮਾਮਲਿਆਂ ਵਿਚ ਸ਼ਾਮਿਲ ਹੁੰਦੇ ਹੋ ਇਸ ਨਾਲ ਤੁਹਾਨੂੰ ਆਰਥਿਕ ਲਾਭ ਹੋਵੇਗਾ। ਅਜਿਹਾ ਦਿਨ ਹੈ ਜਦੋਂ ਕੰਮ ਦਾ ਦਬਾਅ ਘੱਟ ਰਹੇਗਾ ਅਤੇ ਤੁਸੀ ਪਰਿਵਾਰ ਦੇ ਨਾਲ ਸਮਾਂ ਬਿਤਉਣ ਦਾ ਮਜ਼ਾ ਲਵੋਂਗੇ। ਵਿਆਹ ਲਈ ਸਹੀ ਸਮਾਂ ਹੈ ਕਿਉਂ ਕਿ ਤੁਹਾਡਾ ਪਿਆਰ ਜੀਵਨ ਭਰ ਲਈ ਮੋੜ ਲੈ ਸਕਦਾ ਹੈ। ਜੇਕਰ ਤੁਸੀ ਪ੍ਰਭਾਵਸ਼ਾਲੀ ਲੋਕਾਂ ਨਾਲ ਸੰਪਰਕ ਬਣਾ ਕੇ ਰੱਖੋ ਤਾਂ ਆਪਣੇ ਕਰੀਅਰ ਵਿਚ ਤਰੱਕੀ ਦੇ ਵੱਲ ਕਦਮ ਲਵੋਂਗੇ। ਤੁਹਾਨੂੰ ਆਪਣੇ ਖਾਲੀ ਸਮੇਂ ਦੀ ਵਰਤੋ ਕਰਨੀ ਸਿੱਖਣੀ ਹੋਵੇਗੀ ਜਾਂ ਫਿਰ ਤੁਸੀ ਜ਼ਿੰਦਗੀ ਵਿਚ ਪਿੱਛੇ ਰਹਿ ਜਾਵੋਂਗੇ। ਤੁਸੀ ਅੱਜ ਵਿਆਹਕ ਜੀਵਨ ਦਾ ਭਰਪੂਰ ਅਨੰਦ ਲਉ।

**ਕੰਨਿਆ:** ਧਿਆਨ ਰੱਖੋ ਕਿ ਤੁਸੀ ਕੀ ਖਾ ਰਹੇ ਹੋ ਬਾਹਰੀ ਸੜਕ ਦੇ ਖਾਣੇ ਤੋਂ ਬਚੋ। ਅੱਜ ਤੁਹਾਡੀ ਕੋਈ ਚਲ ਸੰਪਤੀ ਚੋਰੀ ਹੋ ਸਕਦੀ ਹੈ ਇਸ ਲਈ ਜਿੰਨਾਂ ਹੋ ਸਕੇ ਇਸ ਦਾ ਧਿਆਨ ਰੱਖੋ। ਰਿਸ਼ਤੇਦਾਰਾਂ ਤੋਂ ਅਚਾਨਕ ਤੋਹਫਾ ਮਿਲ ਸਕਦਾ ਹੈ ਪਰੰਤੂ ਪੂਰੀ ਸੰਭਾਵਨਾ ਹੈ ਕਿ ਇਸ ਦੇ ਬਦਲੇ ਵਿਚ ਕੁਝ ਚਾਹੁੰਦੇ ਹੋ। ਕੋਈ ਤੁਹਾਨੂੰ ਪਿਆਰ ਤੋਂ ਦੂਰ ਨਹੀਂ ਕਰ ਸਕਦਾ। ਅੱਜ ਦਫਤਰ ਵਿਚ ਤੁਹਾਨੂੰ ਅਜਿਹਾ ਕੰਮ ਮਿਲ ਸਕਦਾ ਹੈ ਜਿਸ ਨੂੰ ਤੁਸੀ ਹਮੇਸ਼ਾ ਤੋਂ ਕਰਨਾ ਚਾਹੁੰਦੇ ਹੋ। ਜਿਹੜੇ ਲੋਕ ਇਸ ਸਮੇਂ ਕਿਸੇ ਕੰਮ ਵਿਚ ਵਿਅਸਤ ਸੀ ਲੰਬੇ ਸਮੇਂ ਬਾਅਦ ਉਨਾਂ ਨੂੰ ਆਪਣੇ ਲਈ ਸਮਾਂ ਮਿਲ ਸਕਦਾ ਹੈ ਪਰੰਤੂ ਘਰ ਦੇ ਕਿਸੇ ਕੰਮ ਆ ਜਾਣ ਤੇ ਤੁਸੀ ਵਿਅਸਤ ਹੋ ਸਕਦੇ ਹੋ। ਤੁਸੀ ਅੱਜ ਵਿਆਹਕ ਜੀਵਨ ਦਾ ਭਰਪੂਰ ਅਨੰਦ ਲਉ।

**ਤੁਲਾ:** ਜ਼ਿੰਦਗੀ ਦੇ ਪ੍ਰਤੀ ਉਦਾਸ ਨਜ਼ਰੀਆ ਰੱਖਣ ਤੋਂ ਬਚੋ। ਜੇਕਰ ਤੁਸੀ ਘੁੰਮਣ ਫਿਰਨ ਅਤੇ ਪੈਸੇ ਖਰਚ ਕਰਨ ਦੇ ਮੂਡ ਵਿਚ ਹੋਵੋਂਗੇ ਜੇਕਰ ਤੁਸੀ ਅਜਿਹਾ ਕੀਤਾ ਤਾਂ ਬਾਅਦ ਵਿਚ ਪਛਤਾਣਾ ਪੈ ਸਕਦਾ ਹੈ ਨਵਜੰਮੇਂ ਬੱਚੇ ਦੀ ਖਰਾਬ ਸਿਹਤ ਪਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ ਇਸ ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ ਡਾਕਟਰ ਨਾਲ ਭਲੀਭਾਂਤ ਸਲਾਹ ਲਿਉ ਕਿਉਂ ਕਿ ਥੋੜੀ ਜਿਹੀ ਲਾਪਰਵਾਹੀ ਬਿਮਾਰੀ ਨੂੰ ਬਦ ਤੋਂ ਬਦਤਰ ਬਣ ਸਕਦੀ ਹੈ। ਅੱਜ ਆਪਣੇ ਪ੍ਰੇਮੀ ਨੂੰ ਨਾਰਾਜ਼ ਨਾ ਕਰੋ ਕਿਉਂ ਕਿ ਇਸ ਨਾਲ ਤੁਹਾਨੂੰ ਬਾਅਦ ਵਿਚ ਪਛਤਾਉਣਾ ਪੈ ਸਕਦਾ ਹੈ। ਤੁਹਾਨੂੰ ਕੰਮ ਕਾਰ ਵਿਚ ਪੇਸ਼ੇਵਰ ਉਪਲਬਧੀਆਂ ਅਤੇ ਲਾਭ ਮਿਲੇਗਾ। ਖਾਲੀ ਸਮੇਂ ਦਾ ਸਦਉਪਯੋਗ ਹੋਣਾ ਚਾਹੀਦਾ ਹੈ ਪਰੰਤੂ ਅੱਜ ਤੁਸੀ ਇਸ ਸਮੇਂ ਦਾ ਦੁਰਉਪਯੋਗ ਕਰੋਂਗੇ ਇਸ ਨਾਲ ਤੁਹਾਡਾ ਮੂਡ ਵੀ ਖਰਾਬ ਰਹੇਗਾ। ਅੱਜ ਜੇਕਰ ਤੁਸੀ ਆਪਣੇ ਸਾਥੀ ਦੀਆਂ ਛੋਟੀ ਛੋਟੀ ਮੰਗਾਂ ਨੂੰ ਨਜ਼ਰਅੰਦਾਜ ਕਰੋਂਗੇ ਜਿਵੇਂ ਨਲਕੀਆਂ ਦੇ ਪਰਤਵੇ ਜਾਂ ਇਕ ਜੱਫੀ ਤਾਂ ਉਹ ਦੁਖੀ ਹੋ ਸਕਦਾ ਹੈ।

**ਬ੍ਰਿਸ਼ਚਕ :** ਮਾਨਸਿਕ ਤੋਰ ਤੇ ਤੁਸੀ ਸਥਿਰ ਮਹਿਸੂਸ ਨਹੀਂ ਕਰ ਰਹੇ ਹੋ ਇਸ ਲਈ ਇਸ ਗੱਲ ਦਾ ਧਿਆਨ ਰੱਖੋ ਕਿ ਦੂਸਰਿਆਂ ਦੇ ਸਾਹਮਣੇ ਤੁਸੀ ਕੀ ਬਰਤਾਵ ਕਰਦੇ ਅਤੇ ਬੋਲਦੇ ਹੋ। ਪੈਸਾ ਅਚਾਨਕ ਤੁਹਾਡੇ ਕੋਲ ਆਵੇਗਾ ਜੋ ਤੁਹਾਡੇ ਖਰਚੇ ਅਤੇ ਬਿਲ ਆਦਿ ਵਿਚ ਸਮੋ ਜਾਵੇਗਾ। ਜੀਵਨਸਾਥੀ ਅਤੇ ਬੱਚਿਆਂ ਨਾਲ ਅਤਿਰਿਕਤ ਪਿਆਰ ਅਤੇ ਸਹਿਯੋਗ ਮਿਲੇਗਾ। ਤੁਸੀ ਪੋਪੂਲਰ ਹੋਵੋਂਗੇ ਅਤੇ ਅਸਾਨੀ ਨਾਲ ਵਿਰੋਧੀ ਲਿੰਗ ਦੇ ਮੈਂਬਰਾਂ ਨੂੰ ਆਕਰਸ਼ਿਤ ਕਰੋਂਗੇ। ਅੱਜ ਕੰਮਕਾਰ ਵਿਚ ਤੁਹਾਨੂੰ ਪਤਾ ਲੱਗ ਸਕਦਾ ਹੈ ਕਿ ਜਿਸ ਨੂੰ ਤੁਸੀ ਆਪਣਾ ਦੁਸ਼ਮਣ ਸਮਝਦੇ ਹੋ ਉਹ ਤੁਹਾਡਾ ਸ਼ੁਭਚਿੰਤਕ ਹੈ। ਸਮੇਂ ਦਾ ਚੱਕਰ ਬਹੁਤ ਤੇਜ਼ ਚਲਦਾ ਹੈ ਇਸ ਲਈ ਸਮਝਦਾਰੀ ਨਾਲ ਵਰਤੋ ਕਰਨਾ ਸਿੱਖੋ ਅਤੇ ਇਸ ਦਾ ਵੱਧ ਲਾਭ ਉਠਾਉ। ਅੱਜ ਤੁਹਾਡੀ ਵਿਆਹੁਤਾ ਜ਼ਿੰਦਗੀ ਵਿਚ ਸਭ ਕੁਝ ਖੁਸ਼ਹਾਲ ਲਗਦਾ ਹੈ।

**ਧਨੂੰ:** ਸਰੀਰਕ ਅਤੇ ਮਾਨਸਿਕ ਬਿਮਾਰੀ ਦੀ ਜੜ ਦੁੱਖ ਹੋ ਸਕਦਾ ਹੈ। ਤੁਹਾਡੇ ਭਰਾ ਭੈਣ ਵਿਚੋਂ ਕੋਈ ਅੱਜ ਤੁਹਾਡੇ ਤੋਂ ਪੈਸੇ ਉਧਾਰ ਮੰਗ ਸਕਦਾ ਹੈ ਤੁਸੀ ਉਸ ਨੂੰ ਪੈਸੇ ਤਾਂ ਉਧਾਰ ਦੇ ਦੇਵੋਂਗੇ ਪਰੰਤੂ ਇਸ ਨਾਲ ਤੁਹਾਡੇ ਆਰਥਿਕ ਹਾਲਾਤ ਖਰਾਬ ਹੋ ਸਕਦੇ ਹਨ। ਬੱਚੇ ਭਵਿੱਖ ਦੀ ਯੋਜਨਾ ਬਣਾਉਣ ਦੀਆਂ ਗਤੀਵਿਧਿਆਂ ਘਰ ਦੇ ਬਾਹਰ ਜ਼ਿਆਦਾ ਸਮਾਂ ਲਗਾਂ ਕੇ ਤੁਹਾਨੂੰ ਨਿਰਾਸ਼ ਕਰ ਸਕਦੇ ਹਨ। ਕਈਂ ਲੋਕਾਂ ਦੇ ਲਈ ਅੱਜ ਸ਼ਾਮ ਰੋਮਾਂਟਿਕ ਅਤੇ ਖੂਬਸੂਰਤ ਤੋਹਫੇ ਅਤੇ ਫੁਲਾਂ ਨਾਲ ਭਰਪੂਰ ਹੋਵੇਗੀ। ਜੇਕਰ ਤੁਸੀ ਪ੍ਰਭਾਵਸ਼ਾਲੀ ਲੋਕਾਂ ਨਾਲ ਸੰਪਰਕ ਬਣਾ ਕੇ ਰੱਖੋ ਤਾਂ ਆਪਣੇ ਕਰੀਅਰ ਵਿਚ ਤਰੱਕੀ ਦੇ ਵੱਲ ਕਦਮ ਲਵੋਂਗੇ। ਅੱਜ ਤੁਸੀ ਆਪਣੇ ਜੀਵਨ ਸਾਥੀ ਨਾਲ ਸਮਾਂ ਬਿਤਾਉਣ ਅਤੇ ਬਾਹਰ ਜਾਣ ਦੀ ਯੋਜਨਾ ਬਣਾ ਸਕਦੇ ਹੋ ਪਰੰਤੂ ਉਸ ਦੀ ਖਰਾਬ ਹੋਣ ਕਾਰਨ ਅਜਿਹਾ ਕਰਨ ਦੇ ਯੋਗ ਨਹੀਂ ਹੋਵੋਂਗੇ। ਅੱਜ ਤੁਸੀ ਆਪਣੇ ਜੀਵਨ ਦੀ ਕੁਝ ਯਾਦਗਾਰ ਸ਼ਾਮ ਵਿਚ ਇਕ ਆਪਣੇ ਜੀਵਨਸਾਥੀ ਦੇ ਨਾਲ ਬਿਤਾ ਸਕਦੇ ਹੋ।

**ਮਕਰ :** ਨਿਯਮਤ ਕਸਰਤ ਦੇ ਦੁਆਰਾ ਆਪਣੇ ਵਜ਼ਨ ਨੂੰ ਕਾਬੂ ਵਿਚ ਰੱਖਣ ਦੀ ਲੋੜ ਹੈ ਤਲੀ ਅਤੇ ਭੁੰਨੀ ਹੋਈ ਵਸਤਾਂ ਤੋਂ ਪਰਹੇਜ਼ ਕਰੋ। ਦਿਨ ਚੜ੍ਹਨ ਤੋਂ ਬਾਅਦ ਆਰਥਿਕ ਤੋਰ ਤੇ ਸੁਧਾਰ ਆਵੇਗਾ। ਤੁਹਾਡੀ ਗਿਆਨ ਦੀ ਪਿਆਸ ਤੁਹਾਡੇ ਨਵੇਂ ਦੋਸਤ ਬਣਾਉਣ ਵਿਚ ਮਦਦਗਾਰ ਸਾਬਿਤ ਹੋਵੇਗਾ। ਨਵੇਂ ਪਿਆਰ ਸੰਬੰਧ ਬਣਾਉਣ ਦਾ ਮਜ਼ਬੂਤ ਮੋਕਾ ਹੈ ਪਰੰਤੂ ਵਿਅਕਤੀਗਤ ਅਤੇ ਗੁਪਤ ਜਾਣਕਾਰੀ ਨੂੰ ਉਜਾਗਰ ਕਰਨ ਤੋਂ ਬਚੋ। ਨਵੇਂ ਪਰੋਜੈਕਟ ਅਤੇ ਖਰਚਿਆਂ ਨੂੰ ਰੋਕ ਦਿਉ। ਅੱਜ ਦਾ ਦਿਨ ਤੁਸੀ ਆਪਣੇ ਕਿਸੇ ਦੋਸਤ ਦੇ ਨਾਲ ਸਮਾਂ ਬਿਤਾ ਸਕਦੇ ਹੋ ਪਰੰਤੂ ਇਸ ਦੋਰਾਨ ਤੁਸੀ ਸ਼ਰਾਬ ਦਾ ਸੇਵਨ ਕਰਨ ਤੋਂ ਬਚੋ ਨਹੀਂ ਤਾਂ ਸਮੇਂ ਦੀ ਬਰਬਾਦੀ ਹੋ ਸਕਦੀ ਹੈ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਖੁਸ਼ਹਾਲ ਵਿਆਹੁਤਾ ਜੀਵਨ ਨੂੰ ਕਿਸ ਤਰਾਂ ਮਹਿਸੂਸ ਕੀਤਾ ਜਾਂਦਾ ਹੈ।

**ਕੁੰਭ:** ਦਿਨ ਦੇ ਕੰਮਾਂ ਨੂੰ ਸਿਹਤ ਬਰਦਾਸ਼ਤ ਕਰ ਸਕਦੀ ਹੈ। ਜੇਕਰ ਤੁਸੀ ਘਰ ਤੋਂ ਬਾਹਰ ਰਹਿ ਕੇ ਕੰਮ ਜਾਂ ਪੜਾਈ ਕਰ ਰਹੇ ਹੋ ਤਾਂ ਅਜਿਹੇ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਤੁਹਾਡੀ ਸਮਾਂ ਅਤੇ ਪੈਸੇ ਖਰਾਬ ਕਰਦੇ ਹਨ। ਪਰਿਵਾਰਕ ਜਿੰਮੇਵਾਰੀਆਂ ਨੂੰ ਨਾ ਭੁਲੋ। ਪ੍ਰੇਮ ਸੰਬੰਧਾਂ ਬਾਰੇ ਜ਼ੋਰ ਸ਼ੋਰ ਨਾਲ ਨਾ ਬੋਲੋ। ਉਹ ਜਿਹੜੇ ਕੰਮ ਵਿਚ ਤੁਹਾਡੀ ਸਫਲਤਾ ਦੇ ਰਾਹ ਵਿਚ ਰੁਕਾਵਟ ਪਾ ਰਹੇ ਸਨ ਅੱਜ ਤੁਹਾਡੀ ਅੱਖਾਂ ਦੇ ਸਾਹਮਣੇ ਇਕ ਭਾਰੀ ਗਿਰਾਵਟ ਦਾ ਸਾਹਮਣਾ ਕਰਨਾ ਪਏਗਾ। ਦੂਸਰਿਆਂ ਨੂੰ ਯਕੀਨ ਦਿਵਾਉਣ ਲਈ ਤੁਹਾਡੀ ਸ਼ਮੂਲੀਅਤ ਬਹੁਤ ਜ਼ਿਆਦਾ ਲਾਭਦਾਇਕ ਰਹੇਗੀ। ਤੁਹਾਨੂੰ ਅਤੇ ਜੀਵਨਸਾਥੀ ਨੂੰ ਵਿਆਹੁਤ ਜ਼ਿੰਦਗੀ ਵਿਚ ਕੁਝ ਨਿੱਜਤਾ ਦੀ ਲੋੜ ਹੈ।

**ਮੀਨ:** ਖਿਆਲੀ ਪੁੱਲ ਬਣਾਉਣਾ ਕੋਈ ਮਦਦ ਨਹੀਂ ਕਰਦਾ। ਪਰਿਵਾਰ ਦੀਆਂ ਉਮੀਦਾਂ ਤੇ ਖਰਾ ਉਤਰਨ ਲਈ ਤੁਹਾਨੂੰ ਕੁਝ ਕਰ ਦਿਖਾਉਣ ਦੀ ਜ਼ਰੂਰਤ ਹੈ। ਅੱਜ ਵਪਾਰ ਵਿਚ ਮੁਨਾਫਾ ਕਈਂ ਵਪਾਰੀਆਂ ਦੇ ਚਿਹਰੇ ਖੁਸ਼ੀ ਲਿਆ ਸਕਦੀ ਹੈ। ਪਰਿਵਾਰ ਦੇ ਕਿਸੇ ਮੈਂਬਰ ਦੀ ਖਰਾਬ ਸਿਹਤ ਦੀ ਵਜਾਹ ਘੁੰਮਣ ਫਿਰਨ ਦਾ ਪ੍ਰੋਗਰਾਮ ਟਾਲ ਸਕਦੀ ਹੈ। ਯਾਤਰਾ ਦੇ ਚਲਦੇ ਰੋਮਾਂਟਿਕ ਸੰਬੰਧਾਂ ਨੂੰ ਵਾਧਾ ਮਿਲੇਗਾ। ਨਵੇਂ ਪਰਿਯੋਜਨਾਵਾਂ ਅਤੇ ਕੰਮਾਂ ਨੂੰ ਪੂਰਾ ਕਰਨ ਲਈ ਵਧੀਆ ਦਿਨ ਹੈ। ਤੁਸੀ ਆਪਣੇ ਸੀਨੀਅਰ ਨੂੰ ਅਨੇਕਾਂ ਅਧੂਰੇ ਕਾਰਜਾਂ ਨੂੰ ਸਹਿਣ ਕਰ ਸਕਦੇ ਹੋ ਜਿਸ ਦਾ ਤੁਹਾਡੇ ਦੁਆਰਾ ਪਿਛਲੇ ਸਮੇਂ ਵਿਚ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ ਅੱਜ ਤੁਹਾਡਾ ਖਾਲੀ ਸਮਾਂ ਤੁਹਾਡੇ ਦਫਤਰ ਦੇ ਕੰਮ ਕਰਨ ਵਿਚ ਬਤੀਤ ਕਰੇਗਾ। ਜੇਕਰ ਤੁਸੀ ਇਹ ਸਮਝਦੇ ਹੋ ਕਿ ਵਿਆਹ ਸਿਰਫ ਸੈਕਸ ਦੇ ਲਈ ਹੁੰਦਾ ਹੈ ਇਹ ਝੂਠ ਹੈ ਕਿਉਂ ਕਿ ਅੱਜ ਤੁਹਾਨੂੰ ਸੱਚੇ ਪਿਆਰ ਦਾ ਅਹਿਸਾਸ ਹੋਵੇਗਾ।

# ਨਵੇਂ ਸਾਲ 'ਤੇ ਪੰਜਾਬ ਦੀ ਚੜ੍ਹਦੀ ਕਲਾ ਮੰਗੀਏ...





ਗੁਰਾਂ ਦੇ ਨਾਂ ਹੇਠ ਵਸਦਾ ਪੰਜਾਬ, ਉਹ ਪੰਜਾਬ, ਜਿਸ ਦਾ ਇਤਿਹਾਸ ਵੱਖਰਾ, ਜਿਸਦੀ ਪਛਾਣ ਵੱਖਰੀ, ਰਹਿਣ ਸਹਿਣ ਵੱਖਰਾ, ਜਿਸ ਦਾ ਖਾਣ ਪੀਣ ਵੱਖਰਾ, ਜਿਸ ਦੇ ਖੇਤ ਖਲਿਆਣ ਵੱਖਰੇ, ਜਿਸ ਦਾ ਪੌਣ ਪਾਣੀ ਵੱਖਰਾ, ਗੱਲ ਕੀ ਸੂਰਬੀਰ ਯੋਧਿਆਂ ਗੁਰੂਆਂ ਪੀਰਾਂ ਫਕੀਰਾਂ ਦੀ ਧਰਤੀ ਪੰਜਾਬ, ਜਿਸ ਦਾ ਨਾਮ ਪੰਜ+ਆਬ ਤੋਂ ਪਿਆ ਇਸ ਪੰਜ ਆਬ ਦਾ ਅੱਜ ਕੀ ਹਾਲ ਹੈ, ਇਹ ਕਿਸੇ ਤੋਂ ਲੁਕਿਆ ਛਿਪਿਆ ਨਹੀਂ ਪੰਜ ਆਬ ਪਾਣੀਆਂ ਦੀ ਧਰਤੀ ਦੇ ਪਾਣੀ ਦੀ ਗੱਲ ਕਰੀਏ ਤਾਂ ਬਹੁਤ ਹੀ ਨਿਰਾਸ਼ਾਜਨਕ ਗੱਲਾਂ ਸਾਡੇ ਪੱਲੇ ਪੈਂਦੀਆਂ ਹਨ। ਉਹ ਪਾਣੀ ਜਿਸ ਨੂੰ ਬਾਬੇ ਨਾਨਕ ਨੇ ਪਿਤਾ ਦਾ ਦਰਜਾ ਦਿੱਤਾ ਉਹ ਪਾਣੀ ਜਿਸ ਨੂੰ ਨਿਰਮਲ ਜਲ ਕਿਹਾ ਜਾਂਦਾ ਸੀ ਅੱਜ ਕਿਵੇਂ ਗੰਧਲਾਂ ਹੀ ਨਹੀਂ, ਪੀਣ ਵਾਲਾ ਵੀ ਨਹੀਂ ਰਿਹਾ ਇਸ ਪਾਣੀ ਨੂੰ ਗੰਦਾ ਤੇ ਖ਼ਰਾਬ ਕਰਨ ਵਾਲੇ ਕੋਈ ਹੋਰ ਨਹੀਂ ਅਸੀਂ ਪੰਜਾਬ ਦੇ ਵਾਸੀ ਪੰਜਾਬ ਦੇ ਰਾਖੇ ਪੰਜਾਬ ਦੇ ਵਾਰਸ ਹੀ ਹਾਂ। ਬਾਬੇ ਨਾਨਕ ਨੇ ਤਾਂ ਪਵਣੁ ਨੂੰ ਗੁਰੂ ਤੇ ਧਰਤੀ ਨੂੰ ਮਾਤਾ ਦਾ ਦਰਜਾ ਵੀ ਦਿੱਤਾ ਸੀ ਪਰ ਸਾਡੀ ਧਰਤੀ ਜਿਸ ਨੂੰ ਅਸੀਂ ਅਨੇਕਾਂ ਤਰੀਕਿਆਂ ਦੇ ਨਾਲ ਜ਼ਖ਼ਮੀ ਤੇ ਨਸ਼ੀਲੀ ਬਣਾ ਦਿੱਤਾ ਤੇ ਪਵਣੁ ਗੁਰੁ ਨੂੰ ਅਜਿਹਾ ਜ਼ਹਿਰੀਲਾ ਬਣਾ ਦਿੱਤਾ ਤੇ ਜਿੱਥੋਂ ਸਾਨੂੰ ਸਾਹ ਲੈਣਾ ਵੀ ਮੁਸ਼ਕਲ ਹੋ ਰਿਹਾ ਹੈ। ਇਹ ਉਹ ਪਵਿੱਤਰ ਧਰਤੀ ਜਿਸ ਦੇ ਵਿੱਚੋਂ ਸੂਰਬੀਰ ਯੋਧਿਆ ਗੁਰੂਆਂ ਪੀਰਾਂ ਦਾ ਜਨਮ ਹੋਇਆ ਤੇ ਅੱਜ ਇਸ ਧਰਤੀ ਦੇ ਉੱਪਰ ਕੀ ਕੁਝ ਹੋ ਰਿਹਾ ਹੈ, ਦੁੱਖੀ ਮਨ ਨਾਲ ਕਿਵੇਂ ਸਾਂਝਾਂ ਕਰਾ।

ਇਹ ਅਸੀਂ ਰੋਜ਼ਾਨਾ ਹੀ ਪੰਜਾਬ ਦੀ ਧਰਤੀ ਦੀ ਹਿੱਕ ਉੱਤੇ ਦੇਖਦੇ ਹਾਂ ਕਿਵੇਂ ਕਤਲੋ ਗਾਰਦ, ਨਸ਼ਿਆਂ ਦਾ ਬੋਲਬਾਲਾ, ਗੈਂਗਸਟਰ,ਰਾਜਨੀਤਕ ਆਗੂਆਂ ਦਾ ਝੂਠ, ਆਸ਼ਕੀ ਮਾਸੂਕੀ ਵਿੱਚ ਗ਼ਰਕ ਕੇ ਮਰੀ ਜਾਂ ਮਾਰੀ ਜਾ ਰਹੀ ਨੌਜਵਾਨੀ ਤੋਂ ਲੈ ਕੇ ਔਰਤਾਂ ਮਰਦ ਆਸ਼ਕੀ ਦੇ ਚੱਕਰਾਂ ਵਿੱਚ ਕਿਹੜੇ ਪਾਸੇ ਨੂੰ ਤੁਰ ਪਏ। ਸਾਡੇ ਗੁਰੂਆਂ ਪੀਰਾਂ ਬਜ਼ੁਰਗ ਵੱਡੇ ਵਡੇਰਿਆਂ ਸ਼ਖਸ਼ੀਅਤਾਂ ਨੇ ਇਹ ਕਦੇ ਸੁਪਨਾ ਵੀ ਨਹੀਂ ਲਿਆ ਹੋਣਾ ਜੋ ਕੁਝ ਅੱਜ ਅਸੀਂ ਪੰਜਾਬ ਦੀ ਧਰਤੀ ਉੱਪਰ ਰੋਜ਼ਾਨਾ ਹੀ ਅਨੇਕਾਂ ਰੂਪਾਂ ਦੇ ਵਿੱਚ ਦੇਖ ਰਹੇ ਹਾਂ। ਪੰਜਾਬ ਦੀ ਉਹ ਧਰਤੀ ਜਿਸ ਨੇ ਕੁਲ ਦੁਨੀਆਂ ਨੂੰ ਰਿਜ਼ਕ ਦਿੱਤਾ ਅਨੇਕਾਂ ਲੋਕਾਂ ਦਾ ਪੇਟ ਭਰਿਆ ਲਹਿ ਲਹਾਉਂਦੀਆਂ ਫਸਲਾਂ, ਅਸਮਾਨੀ ਰੰਗਾਂ ਸਾਫ ਸੁਥਰਾ ਪਾਣੀ, ਸਾਫ ਸੁਥਰਾ ਖੁੱਲਾ ਡੁੱਲਾ ਰਹਿਣ ਸਹਿਣ, ਚੰਗਾ ਵਾਤਾਵਰਨ, ਕਿਸ ਨੇ ਨਜ਼ਰ ਲਗਾ ਦਿੱਤੀ ਕਿ ਪੰਜਾਬ ਦੀ ਧਰਤੀ ਤੇ ਜਾਏ ਅੱਜ ਪੰਜਾਬ ਨੂੰ ਛੱਡ ਛੱਡ ਕੇ ਵਿਦੇਸ਼ਾਂ ਵਿੱਚ ਲੱਖਾਂ ਰੁਪਈਆ ਖਰਚ ਖਰਾਬ ਕਰਕੇ ਜਹਾਜਾਂ ਦੀਆਂ ਟਾਕੀਆਂ ਨੂੰ ਹੱਥ ਪਾ ਕੇ ਰੁਲਦੇ ਮਰਦੇ ਖਪਦੇ ਵਿਦੇਸ਼ਾਂ ਦੀਆਂ ਧਰਤੀਆਂ ਵੱਲ ਨੂੰ ਹੋ ਤੁਰੇ ਹਨ ਤੇ ਕਈ ਤਾਂ ਸਹੀ ਮੰਜ਼ਿਲ ਸਹੀ ਟਿਕਾਣੇ ਉੱਤੇ ਵੀ ਨਹੀਂ ਪੁੱਜਦੇ। ਪੰਜਾਬ ਨੂੰ ਬਲਦੀ ਦੇ ਬੁੱਥੇ ਵਿੱਚ ਸਮੇਂ ਸਮੇਂ ਉੱਤੇ ਰਾਜਨੀਤਿਕ ਕੁਰਸੀ ਉੱਤੇ ਬਿਰਾਜਮਾਨ ਲੋਕਾਂ ਨੇ ਆਪਣੇ ਫਾਇਦੇ ਦੇ ਲਈ ਪਾਇਆ ਇਹਨਾਂ ਦੁੱਖਾਂ ਤੋਂ ਪੰਜਾਬ ਨੂੰ ਛੱਡ ਕੇ ਜਾ ਰਹੀ ਨੌਜਵਾਨੀ ਬੱਚੇ ਬਜ਼ੁਰਗ ਪੰਜਾਬੀਆਂ ਵੱਲੋਂ ਖਾਲੀ ਕੀਤੇ ਜਾ ਰਹੇ ਪੰਜਾਬ ਦੇ ਵਿੱਚ ਦੂਜੇ ਰਾਜਾਂ ਯੂ ਪੀ ਬਿਹਾਰ ਆਦਿ ਤੋਂ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਨੇ ਪੰਜਾਬ ਦੀ ਸਾਫ਼ ਸੁਥਰੀ ਛਵੀ ਨੂੰ ਖਰਾਬ ਕਰਨ ਦਾ ਯਤਨ ਹੀ ਨਹੀਂ ਕੀਤਾ ਖਰਾਬ ਕਰ ਵੀ ਦਿੱਤਾ ਹੈ। ਜਿਸ ਕਾਰਨ ਪੰਜਾਬ, ਪੰਜਾਬ ਹੀ ਨਹੀਂ ਲੱਗਦਾ।

ਅੱਜ ਪੰਜਾਬੀ, ਉਹ ਪੰਜਾਬ ਦੀ ਧਰਤੀ ਮਾਂ ਦੇ ਲਾਚਾਰ ਬੇਵਸ ਮਾਯੂਸ ਹਨ ਬਾਬੇ ਨਾਨਕ ਵੱਲੋਂ ਚਲਾਇਆ ਗਿਆ ਅੱਡਰਾ ਤੇ ਨਿਵੇਕਲਾ ਸਿੱਖੀ ਦਾ ਮਾਰਗ ਉਹ ਵੀ ਡਾਵਾਂਡੋਲ ਹੈ ਜੇ ਰਾਜਨੀਤਿਕ ਆਗੂਆਂ ਨੇ ਪੰਜਾਬ ਦੇ ਨਾਲ ਗੱਦਾਰੀ ਕੀਤੀ ਹੈ ਤਾਂ ਧਰਮੀ ਆਗੂਆਂ ਸ਼ਖਸ਼ੀਅਤਾਂ ਅਖੌਤੀ ਸੰਤ ਬਾਬਿਆਂ ਆਪੂ ਬਣੇ ਬ੍ਰਹਮ ਗਿਆਨੀ ਨੇ ਵੀ ਧਾਰਮਿਕ ਪੱਖੋਂ ਪੰਜਾਬ ਨਾਲ ਘੱਟ ਨਾ ਕੀਤੀ। ਧਰਮ ਦੇ ਨਾਂ ਹੇਠ ਲੋਕਾਂ ਨੂੰ ਦੋਹੀ ਹੱਥੀ ਕੁੱਟਿਆ ਲੁੱਟਿਆ ਜਾ ਰਿਹਾ ਹੈ। ਧਰਮ ਦੇ ਨਾਂ ਹੇਠ ਭਗਤੀ ਲਈ ਬਣੇ ਭੋਰਿਆਂ ਵਿੱਚ ਗੱਲ ਤਾਂ ਰੱਬੀ ਗਿਆਨ ਦੀ ਹੋ ਰਹੀ ਹੈ ਪਰ ਹੋ ਉੱਥੇ ਬਲਾਤਕਾਰ ਰਹੇ ਹਨ ਤੌਬਾ ਤੌਬਾ ਗੱਲ ਕਰਦਿਆਂ ਨੂੰ ਵੀ ਸ਼ਰਮ ਆਉਂਦੀ ਹੈ।

ਹਰ ਸਾਲ 31 ਦਸੰਬਰ ਤੋਂ ਬਾਅਦ ਇੱਕ ਜਨਵਰੀ ਨੂੰ ਨਵਾਂ ਸਾਲ ਮਨਾਇਆ ਜਾਂਦਾ ਹੈ ਉਹੀ ਦਿਨ ਉਹੀ ਸਵੇਰ ਉਹੀ ਸ਼ਾਮ ਉਹੀ ਰਾਤ ਉਹੀ ਚੰਦ ਉਹੀ ਸੂਰਜ ਉਹੀ ਤਾਰੇ ਹੁੰਦੇ ਹਨ ਪਰ ਇੱਕ ਕੈਲੰਡਰ ਦੀ ਤਾਰੀਖ ਬਦਲਣ ਨੂੰ ਹੀ ਨਵਾਂ ਸਾਲ ਕਿਹਾ ਜਾਂਦਾ ਹੈ। ਲੋਕ ਧਾਰਮਿਕ ਥਾਵਾਂ ਮੰਦਰਾਂ ਗੁਰਦੁਆਰਾ ਮਸਜਿਦਾਂ ਦੇ ਵਿੱਚ ਇਕ ਤਰੀਕ ਨੂੰ ਵਿਸ਼ੇਸ਼ ਤੌਰ ਤੇ ਹਾਜਰੀ ਭਰਨ ਜਾਦੇ ਹਨ ਸਭਨਾਂ ਦਾ ਭਲਾ ਮੰਗਦੇ ਹਨ। ਖੈਰ ਸੁਖ ਲਈ ਅਰਦਾਸਾਂ ਦੁਆਵਾਂ ਕਰਦੇ ਹਨ ਪਰ ਸਵੇਰ ਦੇ ਇਸ ਧਾਰਮਿਕ ਸਫ਼ਰ ਤੋਂ ਬਾਅਦ ਫਿਰ ਉਹੀ ਕੁਝ ਜੋ ਪਿੱਛੇ ਚਲਦਾ ਹੈ ਠੱਗੀਆਂ ਠੋਰੀਆਂ ਬੇਈਮਾਨੀਆਂ ਪੈਸੇ ਜਮੀਨਾਂ ਜਾਇਦਾਦਾਂ ਪਿੱਛੇ ਕਤਲ ਹੋਰ ਪਤਾ ਨਹੀਂ ਕੀ ਕੁਝ ਫਿਰ ਨਵਾਂ ਸਾਲ ਵਿੱਚ ਵੀ ਉਹੀ ਕੁਝ ਸ਼ੁਰੂ ਹੋ ਜਾਂਦਾ ਹੈ ਜੋ ਨਹੀਂ ਹੋਣਾ ਚਾਹੀਦਾ ਸੀ। ਜਿੱਥੋਂ ਤੱਕ ਕਹਾਣੀ ਖਰਾਬ ਹੋ ਕੇ ਅੱਪੜ ਗਈ ਹੈ ਉਥੋਂ ਸੰਭਲਣੀ ਮੁਸ਼ਕਿਲ ਜਾਪਦੀ ਹੈ।

ਪਰ ਆਓ ਆਸ ਦਾ ਪੱਲਾ ਨਾ ਛੱਡੀਏ ਜੀਵੇ ਆਸਾ ਮਰੇ ਨਿਰਾਸ਼ਾ ਗੁਰਾਂ ਦੇ ਨਾਂ ਹੇਠ ਵਸਦੇ ਪੰਜਾਬ ਦੇ ਲਈ ਨਵੇਂ ਸਾਲ ਨਵੇਂ ਸਵੇਰ ਨਵੇਂ ਸੂਰਜ ਨੂੰ ਮੁੱਖ ਰੱਖ ਕੇ ਅਰਦਾਸਾਂ ਅਰਜੋਈਆਂ ਕਰੀਏ ਤੇ ਗੁਰਾਂ ਦੇ ਨਾਂ ਹੇਠ ਵਸਦਾ ਪੰਜਾਬ ਇਸੇ ਤਰ੍ਹਾਂ ਵੱਸਦਾ ਰਹੇ ਪੰਜਾਬ ਪੰਜਾਬੀ ਪੰਜਾਬੀਅਤ ਜਿੰਦਾਬਾਦ ਰਹੇ।



ਬਲਬੀਰ ਸਿੰਘ ਬੱਬੀ
7009107300

# ਅਲੋਪ ਹੋ ਗਿਆ ਨਵੇਂ ਵਰ੍ਹੇ
## ਦੀ ਵਧਾਈ ਦਾ ਪੁਰਾਣਾ ਢੰਗ




ਸਮਾਜਿਕ ਸੰਦੇਸ਼ ਦੇਣ ਦੇ ਢੰਗ ਸਦਾ ਹੀ ਸਮੇਂ ਦੇ ਨਾਲ-ਨਾਲ ਬਦਲਦੇ ਰਹੇ ਹਨ। ਇਕ ਸਮਾਂ ਸੀ ਜਦੋਂ ਨਵੇਂ ਸਾਲ ਦੀ ਖੁਸ਼ੀ ਨੂੰ ਸਾਂਝਾ ਕਰਨ ਲਈ ਲੋਕ ਇੱਕ ਦੂਜੇ ਨੂੰ ਟੈਲੀਗ੍ਰਾਮ, ਚਿੱਠੀ, ਗ੍ਰਿੰਟਿੰਗ ਕਾਰਡ ਜਾਂ ਟੈਲੀਫੋਨ ਦੇ ਜ਼ਰੀਏ ਸੰਦੇਸ਼ ਦਿੰਦੇ ਸਨ। ਇਹ ਢੰਗ ਨਾ ਸਿਰਫ਼ ਖ਼ੂਬਸੂਰਤ ਸਨ, ਬਲਕਿ ਰਿਸ਼ਤਿਆਂ ਵਿੱਚ ਨਵਾਂ ਜ਼ੋਸ਼ ਅਤੇ ਪਿਆਰ ਦੀ ਮਹਿਕ ਭਰਦੇ ਸਨ। ਹਰੇਕ ਗ੍ਰੀਟਿੰਗ ਕਾਰਡ ਦੇ ਪਿੱਛੇ ਭੇਜਣ ਵਾਲੇ ਦੀਆਂ ਯਾਦਾਂ ਅਤੇ ਭਾਵਨਾਵਾਂ ਲੁਕੀਆਂ ਹੁੰਦੀਆਂ ਸਨ।

ਜਦੋਂ ਗ੍ਰੀਟਿੰਗ ਕਾਰਡ ਆਉਂਦੇ ਸਨ, ਉਹ ਸਿਰਫ਼ ਕਾਗਜ਼ ਦੇ ਟੁਕੜੇ ਨਹੀਂ ਹੁੰਦੇ ਸਨ, ਬਲਕਿ ਉਹ ਦਿਲ ਤੋਂ ਦਿਲ ਤੱਕ ਪਹੁੰਚਣ ਵਾਲਾ ਇੱਕ ਪੂਰਾ ਸੰਦੇਸ਼ ਹੁੰਦਾ ਸੀ। ਗ੍ਰੀਟਿੰਗ ਕਾਰਡ ਵਿੱਚ ਖਾਸ ਸੰਦੇਸ਼ ਲਿਖਿਆ ਜਾਂਦਾ ਸੀ ਅਤੇ ਬੁਹਤ ਸਮੇਂ ਤੱਕ ਸਾਂਭ ਕੇ ਰੱਖਿਆ ਵੀ ਜਾਂਦਾ ਸੀ। ਚਿੱਠੀਆਂ ਵੀ ਇਕ ਵਿਸ਼ੇਸ਼ ਮਹੱਤਵ ਰੱਖਦੀਆਂ ਸਨ। ਇੱਕ ਦੂਜੇ ਲਈ ਸਮਾਂ ਕੱਢ ਕੇ ਚਿੱਠੀ ਲਿਖਣ ਦਾ ਦੌਰ ਹੀ ਰਿਸ਼ਤਿਆਂ ਦੀ ਮਜ਼ਬੂਤੀ ਦਾ ਪ੍ਰਮਾਣ ਦਿੰਦਾ ਸੀ। ਕਾਲਜ ਅਤੇ ਸਕੂਲ ਦੇ ਬੱਚੇ ਵੀ ਆਪਣੇ ਦੋਸਤਾਂ ਅਤੇ ਅਧਿਆਪਕਾਂ ਨੂੰ ਖ਼ੂਬਸੂਰਤ ਕਾਰਡ ਬਣਾਕੇ ਵਧਾਈ ਦਿੰਦੇ ਸਨ। ਟੈਲੀਗ੍ਰਾਮ ਦਾ ਜ਼ਿਕਰ ਕੀਤਾ ਜਾਵੇ ਤਾਂ ਇਹ ਦੂਰੀਆਂ ਨੂੰ ਘਟਾਉਣ ਵਾਲਾ ਲਿਖ਼ਤੀ ਰੂਪ 'ਚ ਸਭ ਤੋਂ ਤੇਜ਼ ਸੰਚਾਰ ਸਾਧਨ ਸੀ। ਟੈਲੀਫੋਨ ਤੇ ਨਵੇਂ ਸਾਲ ਦੀ ਖੁਸ਼ੀ ਸਾਂਝੀ ਕਰਨਾ ਵੀ ਅਹਿਸਾਸਾਂ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਨ ਦਾ ਉਸ ਤੋਂ ਵੀ ਤੇਜ਼ ਜ਼ਰੀਆ ਸੀ।

ਪਰ ਜਿਵੇਂ ਹੀ ਸਮੇਂ ਨੇ ਅੱਗੇ ਕਦਮ ਵਧਾਏ ਤਾਂ ਤਕਨਾਲੋਜੀ ਨੇ ਮਨੁੱਖੀ ਸੰਵੇਦਨਾਵਾਂ ਨੂੰ ਪਿਛੇ ਹੀ ਛੱਡ ਦਿੱਤਾ। ਆਧੁਨਿਕ ਯੁਗ ਨੇ ਸਮਾਜਿਕ ਸੰਦੇਸ਼ ਦੇਣ ਦੇ ਪੁਰਾਣੇ ਤਰੀਕਿਆਂ ਨੂੰ ਲਗਭਗ ਖ਼ਤਮ ਹੀ ਕਰ ਦਿੱਤਾ। ਅੱਜ ਜਦੋਂ ਨਵਾਂ ਸਾਲ ਆਉਂਦਾ ਹੈ, ਤਾਂ ਲੋਕਾਂ ਦੇ ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਤੇ "ਹੈਪੀ ਨਿਊ ਯੀਅਰ" ਦੇ ਮੈਸੇਜ ਅਤੇ ਇਮੋਜੀ ਦੀ ਬਹਾਰ ਹੁੰਦੀ ਹੈ।

ਹੁਣ ਕਿਸੇ ਨੂੰ ਵਧਾਈ ਭੇਜਣ ਲਈ ਵਿਸ਼ੇਸ਼ ਯਤਨ ਕਰਨਾ ਨਹੀਂ ਪੈਂਦਾ। ਸਿਰਫ਼ ਇੱਕ ਅੰਗੂਠੇ ਦੇ ਜ਼ਰੀਏ ਨਵੇਂ ਸਾਲ ਦੀ ਵਧਾਈ ਪਹੁੰਚਾ ਦਿੱਤੀ ਜਾਂਦੀ ਹੈ। ਇਸ ਤਕਨਾਲੋਜੀ ਦੇ ਯੁਗ ਨੇ ਜਿੱਥੇ ਵਧਾਈ ਦੇਣ ਦੇ ਢੰਗ ਤੇਜ਼ ਕੀਤੇ, ਉੱਥੇ ਹੀ ਮਨੁੱਖੀ ਸੰਵੇਦਨਾਵਾਂ ਨੂੰ ਮਸ਼ੀਨੀ ਯੁੱਗ ਵੱਲ ਧੱਕ ਦਿੱਤਾ, ਲੋਕ ਪਹਿਲਾਂ ਜਿੱਥੇ ਆਪਣੇ ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨਾਲ ਸਮਾਂ ਬਿਤਾਉਣ ਨੂੰ ਮਹੱਤਵ ਦਿੰਦੇ ਸਨ, ਉੱਥੇ ਹੁਣ ਸਭ ਕੁਝ ਡਿਜੀਟਲ ਦੁਨੀਆਂ ਤੱਕ ਸੀਮਿਤ ਹੋ ਗਿਆ।

ਅਸੀਂ ਇਸ ਬਦਲਾਅ ਨੂੰ ਪੂਰੀ ਤਰ੍ਹਾਂ ਖ਼ਤਮ ਤਾਂ ਨਹੀਂ ਕਰ ਸਕਦੇ, ਪਰ ਇੱਕ ਕੋਸ਼ਿਸ਼ ਕਰਕੇ ਪੁਰਾਣੇ ਢੰਗਾਂ ਨੂੰ ਆਪਣਾ ਸਕਦੇ ਹਾਂ। ਇੱਕ ਗ੍ਰੀਟਿੰਗ ਕਾਰਡ, ਇੱਕ ਖ਼ੂਬਸੂਰਤ ਚਿੱਠੀ ਜਾਂ ਇੱਕ ਦੂਜੇ ਨਾਲ ਗਲੇ ਮਿਲ ਕੇ ਨਵੇਂ ਸਾਲ ਦੀ ਸ਼ੁਰੂਆਤ ਕਰਨ ਵਾਲੀ ਪ੍ਰਥਾ ਨੂੰ ਦੁਬਾਰਾ ਜਨਮ ਦੇ ਕੇ ਅਸੀਂ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਅਤੇ ਖ਼ੂਬਸੂਰਤ ਬਣਾ ਸਕਦੇ ਹਾਂ।

ਨਵੇਂ ਸਾਲ ਦੇ ਮੌਕੇ ਤੇ ਸਭ ਤੋਂ ਵਧੀਆ ਤੋਹਫ਼ਾ ਉਹੀ ਹੈ ਜਦੋਂ ਅਸੀਂ ਆਪਣੀ ਮੌਜੂਦਗੀ ਨੂੰ ਦੂਸਰੇ ਲਈ ਖ਼ਾਸ ਬਣਾਈਏ। ਖ਼ਾਸ ਤੌਰ 'ਤੇ ਜੇਕਰ ਅਸੀਂ ਪਿਆਰ ਅਤੇ ਮੌਜੂਦਗੀ ਨਾਲ ਇੱਕ ਦੂਜੇ ਦੀ ਖੁਸ਼ੀ ਦਾ ਹਿੱਸਾ ਬਣ ਸਕੀਏ, ਤਾਂ ਇਹ ਨਵੇਂ ਸਾਲ ਦੀ ਸਭ ਤੋਂ ਵਧੀਆ ਸ਼ੁਰੂਆਤ ਹੋਵੇਗੀ।



ਬਲਦੇਵ ਸਿੰਘ ਬੇਦੀ
ਜਲੰਧਰ
9041925181

# ਗੀਤ

ਸਿੱਖੇ ਕੋਈ ਹੁਣ ਤਾਂ,
ਤੇਰੇ ਤੋਂ ਚਲਾਕੀਆਂ।
ਹੋਇਆ ਕੀ ਕਰ ਲਈਆਂ,
ਬੰਦ ਨੇ ਤੂੰ ਤਾਕੀਆਂ।

ਸਮਝਿਆ ਅਸਾਂ ਤੈਨੂੰ,
ਬੜਾ ਭੋਲਾ ਭਾਲਾ ਸੀ।
ਬੋਲਣਾ ਸੀ ਕਿਥੋਂ ਤੂੰ ਨਾਲ ਸਾਡੇ,
ਲਾਇਆ ਜ਼ੁਬਾਨ ਉੱਤੇ ਤਾਲਾ ਸੀ।
ਸਾਡੇ ਵਾਰੀ ਚੁੱਪ ਰਹੇ,
ਗੱਲਾਂ ਕਰੇ ਨਾਲ ਹੋਰ ਬਾਕੀਆਂ,
ਸਿੱਖੇ ਕੋਈ ਹੁਣ ਤਾਂ,
ਤੇਰੇ ਤੋਂ ਚਲਾਕੀਆਂ।
ਹੋਇਆ ਕੀ ਕਰ ਲਈਆਂ,
ਬੰਦ ਨੇ ਤੂੰ ਤਾਕੀਆਂ।
ਰਹੀਏ ਦੇਖਦੇ ਸਿਰਫ਼,
ਤੇਰੀ ਤੋਰ ਨੂੰ।
ਲੈਣਾ ਏ ਕੀ ਅਸਾਂ,
ਦੇਖ ਕਿਸੇ ਹੋਰ ਨੂੰ।
ਤੇਰੇ ਵਾਂਗ ਲੀੜਾ,
ਲੱਗੇ ਲੱਖ ਸੋਹਣਾ,
ਲੱਗੀਆਂ ਲੱਖ ਹੋਣ,
ਭਾਵੇਂ ਟਾਕੀਆਂ,
ਸਿੱਖੇ ਕੋਈ ਹੁਣ ਤਾਂ,
ਤੇਰੇ ਤੋਂ ਚਲਾਕੀਆਂ।
ਹੋਇਆ ਕੀ ਕਰ ਲਈਆਂ,
ਬੰਦ ਨੇ ਤੂੰ ਤਾਕੀਆਂ।
ਹੋਵੇ ਜੋੜੀ ਆਪਣੀ,
ਚੰਨ ਚਕੋਰ ਜਿਹੀ, ਜੱਗ ਤੇ।
ਲੱਗਣ ਨਾ ਦਾਗ਼ ਦੇਣਾ ਭੋਰਾ,
ਕਦੇ ਕਿਸੇ ਦੀ ਵੀ, ਪੱਗ ਤੇ।
ਕਰੂੰ ਨਜਾਇਜ਼ ਤੰਗ ਜਿਹੜਾ,
ਕੁੱਟਣਾ ਮਾਰ ਮਾਰ ਹਾਕੀਆਂ,
ਸਿੱਖੇ ਕੋਈ ਹੁਣ ਤਾਂ,
ਤੇਰੇ ਤੋਂ ਚਲਾਕੀਆਂ।
ਹੋਇਆ ਕੀ ਕਰ ਲਈਆਂ,
ਬੰਦ ਨੇ ਤੂੰ ਤਾਕੀਆਂ।

ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ, ਸੰਗਰੂਰ।
9463162463

# ਗੀਤ

ਕੀ ਸੋਚੇ "ਸੰਗਰੂਰਵੀ",
ਤੂੰ ਦੱਸਦੇ ਖੁੱਲ੍ਹ ਕੇ।
ਕੀ ਪਾਇਆ ,ਗਵਾਇਆ ਏ,
ਉਸਨੂੰ ਤੂੰ ਭੁੱਲ੍ਹ ਕੇ।

1)ਦੀਦੇ ਤੇਰੇ ਨੂੰ ,ਨਾ ਦਰਸ ਦਿਖਾਇਆ।
ਬਿੰਦ ਵੀ ਵਿੰਦਰ ਨੂੰ,ਨਾ ਚੇਤਾ ਆਇਆ।
ਦੱਸ ਕੀ ਮਿਲਿਆ ਏ,ਕੰਡਿਆਂ ਵਿੱਚ ਤੁੱਲਕੇ।
ਕੀ ਸੋਚੇ"ਸੰਗਰੂਰਵੀ",ਤੂੰ ਦੱਸ ਦੇ ਖੁੱਲ੍ਹ ਕੇ।

2)ਫੁੱਲ ਵਾਂਗ ਤੇਰਾ,ਮੁੱਖੜਾ ਮੁਰਝਾਇਆ।
ਲੱਗਦੈ ਨੈਣ ਜੋਤੀ, ਨਾ ਮੁੱਖ ਦਿਖਾਇਆ।
ਹਰਮਨ ਹੋਟਲ ਜਾਂਦੀ, ਕਿਸੇ ਤੇ ਡੁੱਲ੍ਹ ਕੇ।
ਕੀ ਸੋਚੇ"ਸੰਗਰੂਰਵੀ", ਤੂੰ ਦੱਸ ਦੇ ਖੁੱਲ੍ਹ ਕੇ।

3) ਜਾਨ ਆਪਣੀ ਨੂੰ, ਖ਼ੁਦ ਦੁੱਖਾਂ ਚ ਪਾਇਆ।
ਪੱਥਰ ਦਿਲ ਤੇ, ਕਿਉਂ ਦਿਲ ਤੇਰਾ ਆਇਆ।
ਛੱਡਦੇ ਚਿੰਤਾ ਤੂੰ, ਹੋ ਮਸਤ ਖਾ ਫੁੱਲਕੇ।
ਕੀ ਸੋਚੇ "ਸੰਗਰੂਰਵੀ", ਤੂੰ ਦੱਸ ਦੇ ਖੁੱਲ੍ਹ ਕੇ।

4)ਜੇ ਉਸ ਦਾਤੇ ਨੇ, ਤੈਨੂੰ ਕਲਮ ਫੜ੍ਹਾਈ।
ਛੱਡ ਇਸ਼ਕ ਦੇ ਰੋਣੇ ਨੂੰ, ਚੰਗਾ ਲਿਖ"ਉੱਪਲ"ਭਾਈ।
ਕੰਮ ਕਰ ਚੰਗੇ, ਨਾਲ ਕਿਸੇ ਮਿਲ ਜੁਲ ਕੇ।
ਕੀ ਸੋਚੇ "ਸੰਗਰੂਰਵੀ", ਤੂੰ ਦੱਸ ਦੇ ਖੁੱਲ੍ਹ ਕੇ।

ਸਰਬਜੀਤ ਸੰਗਰੂਰਵੀ, 9463162463






# ਸਿੱਖ ਸਿਧਾਂਤਕ ਚੇਤਨਾ: ਸ਼ਿਖਰ 'ਤੇ ਨਿਘਾਰ...



ਪੋਹ ਦਾ ਮਹੀਨਾ ਸਿੱਖਾਂ ਵਾਸਤੇ ਬਹੁਤ ਹੀ ਦੁੱਖਦਾਈ ਦਾਸਤਾਨ ਦਾ ਚਸ਼ਮਦੀਦ ਗਵਾਹ ਹੈ। ਇਸ ਮਹੀਨੇ 'ਚ ਚਮਕੌਰ ਤੇ ਸਰਹਿੰਦ ਦਾ ਸਾਕਾ ਵਾਪਰਿਆ। ਚਮਕੌਰ ਦੀ ਧਰਤੀ 'ਤੇ ਵਿਸ਼ਵ ਦਾ ਸਭ ਤੋਂ ਅਸਾਂਵਾ ਯੁੱਧ ਲੜਿਆ ਗਿਆ, ਜਿਸ ਬਾਰੇ 'ਚ ਗੁਰੂ ਗੋਬਿੰਦ ਸਿੰਘ ਜੀ ਜ਼ਫ਼ਰਨਾਮੇ 'ਚ ਖ਼ੁਦ ਜਿਕਰ ਕਰਦੇ ਫ਼ੁਰਮਾਂਦੇ ਹਨ ਇਕ ਪਾਸੇ ਚਾਲੀ ਭੁੱਖੇ-ਪਾਣੇ ਸਿੰਘ ਤੇ ਹਮਲਾਵਰ ਮੁਗਲੀਆ ਫੌਜ ਦੱਸ ਲੱਖ ਸੀ। ਇਸ ਲੇਖ ਵਿਚ ਚਮਕੌਰ ਤੇ ਸਰਹਿੰਦ 'ਚ ਵਾਪਰੇ ਅਨੋਖੇ ਦੁਖਦਾਈ ਸਾਕਿਆਂ ਬਾਰੇ ਵਿਸਥਾਰ ਵਿਚ ਵਿਚਾਰ-ਚਰਚਾ ਨਹੀਂ ਕਰ ਰਹੇ ਬਲਕੇ ਸਿੱਖ ਸਿਧਾਂਤਕ ਚੇਤਨਤਾ ਦੀ ਸਿਖਰ ਤੇ ਮੌਜੂਦਾ ਸਥਿਤੀ ਬਾਰੇ ਵਿਚਾਰ ਕਰ ਰਹੇ ਹਾਂ। ਚਮਕੌਰ ਸਾਹਿਬ ਦੇ ਅਸਾਂਵੇ ਯੁਧ ਦੌਰਾਨ ਪਿਆਰੇ ਭਾਈ ਦਇਆ ਸਿੰਘ ਜੀ ਤੇ ਕੁਝ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਦੀ ਗੜ੍ਹੀ ਛੱਡ ਜਾਣ ਦੀ ਸਲਾਹ ਦੇਂਦੇ ਹਨ, ਜਿਸ ਨੂੰ ਗੁਰੂ ਜੀ ਸਵੀਕਾਰ ਨਹੀਂ ਕਰਦੇ। ਗੁਰੂ ਜੀ ਚਮਕੌਰ ਸਾਹਿਬ ਦੇ ਰਣ-ਖੇਤਰ 'ਚ ਜੂਝਣਾ ਚਾਹੁੰਦੇ ਹਨ। ਸਿੰਘਾਂ ਦੀ ਰਾਇ ਨਾ ਮੰਨੀ ਜਾਣ 'ਤੇ ਪਿਆਰੇ ਭਾਈ ਦਇਆ ਸਿੰਘ ਜੀ ਦੀ ਅਗਵਾਈ 'ਚ 'ਪੰਜ-ਪਿਆਰੇ' ਗੁਰੂ ਜੀ ਨੂੰ 'ਹੁਕਮ' ਕਰਦੇ ਹਨ ਕਿ ਹੁਣ 'ਗੁਰੂ-ਪੰਥ' ਤਖ਼ਤ, ਸ੍ਰੀ ਕੇਸਗੜ੍ਹ ਸਾਹਿਬ ਤੋਂ 1699 ਦੀ ਵੈਸਾਖੀ ਨੂੰ ਮਿਲੇ ਅਧਿਕਾਰ ਦੀ ਵਰਤੋਂ ਕਰਦਿਆਂ 'ਹੁਕਮ' ਕਰਦਾ ਹੈ ਕਿ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਸੁਰੱਖਿਅਤ ਚਲੇ ਜਾਓ...।

ਗੁਰੂ ਜੀ 'ਗੁਰੂ ਪੰਥ' ਦੇ ਹੁਕਮ ਨੂੰ ਸਵੀਕਾਰ ਕਰਕੇ ਚਮਕੌਰ ਦੀ ਗੜ੍ਹੀ ਛੱਡ ਜਾਂਦੇ ਹਨ। ਇਹ ਗੁਰੂ-ਚੇਲੇ ਦੀ ਅਭੇਦਤਾ ਤੇ ਸਿੱਖ ਸਿਧਾਂਤਕ ਚੇਤਨਤਾ ਦੀ ਸਿਖ਼ਰ ਸੀ, ਜਦ ਗੁਰੂ ਜੀ ਆਪਣੇ ਸਿੱਖਾਂ ਦੇ ਹੁਕਮ ਨੂੰ ਸਵੀਕਾਰਦੇ ਹਨ। ਗੁਰਮਤਿ ਵਿਚਾਰਧਾਰਾ ਅਨੁਸਾਰ ਇਕ 'ਅਕਾਲ ਪੁਰਖ' ਨੂੰ ਮੰਨਣ, ਪੂਜਣ, ਸਵੀਕਾਰਨ ਤੇ ਸਤਿਕਾਰਨ, ਕਿਰਤ ਕਰਨ, ਨਾਮ ਜਪਣ ਤੇ ਵੰਡ ਛੱਕਣ ਦਾ ਵਿਧਾਨ ਹੈ, ਜਿਸ ਨੂੰ ਪੂਜਾ ਅਕਾਲ ਕੀ, ਪਰਚਾ ਸਬਦ ਕਾ, ਦੀਦਾਰ ਖਾਲਸੇ ਦੇ ਤ੍ਰੈ-ਸੂਤਰ ਰਾਹੀ ਵੀ ਸਵੀਕਾਰਿਆਂ ਗਿਆ ਹੈ। ਗੁਰੂ ਜੋਤਿ ਦੀ ਨਿਰੰਤਰਤਾ ਤੇ ਸਦੀਵਤਾ ਦੇ ਸਿਧਾਂਤ ਕਰਕੇ 'ਸਰੀਰ-ਸਰੂਪ' ਦੀ ਮਾਨਤਾ-ਮਹਾਨਤਾ ਨਹੀਂ। ਜੋ ਸਰੀਰ-ਸਰੂਪ, ਅਕਾਰ 'ਚ ਹੈ ਉਹ 'ਸੰਸਰਿਕ' ਭਾਵ ਚਲਾਏਮਾਨ-ਨਾਸ਼ਮਾਨ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁਖਤਾ ਨੂੰ 'ਸਬਦ-ਗੁਰੂ' ਦਾ ਨਿਰਮਲ ਸਿਧਾਂਤ ਦਿੱਤਾ। ਸਰੀਰ, ਸਰੂਪ, ਅਕਾਰ ਸਭ ਨੂੰ ਛੱਡ 'ਸ਼ਬਦ-ਗੁਰੂ' ਦੇ ਲੜ ਲੱਗਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਜੋ 'ਸਮੇਂ-ਸਥਾਂਨ' ਦੀਆਂ ਸੀਮਾਂਵਾ ਤੋਂ ਸੁਤੰਤਰ ਹੈ।

'ਜੋਤਿ-ਜੁਗਤਿ' ਵਿਚ 'ਜੋਤਿ' ਸਦੀਵੀ ਹੈ, 'ਜੁਗਤਿ' ਬਦਲਦੀ ਹੈ। 'ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ' ਇਕ ਰੂਪ ਹਨ। ਏਹੀ ਜੋਤਿ, 'ਸ਼ਬਦ-ਗੁਰੂ' ਦੇ ਰੂਪ ਵਿੱਚ ਸਦੈਵ ਪ੍ਰਕਾਸ਼ਮਾਨ ਹੈ
ਤੇ 'ਜੁਗਤਿ' ਗੁਰੂ ਖਾਲਸਾ ਪੰਥ ਪਾਸ 'ਪੰਜ ਪਿਆਰਿਆਂ' ਦੇ ਰੂਪ 'ਚ ਕਾਰਜ਼ਸ਼ੀਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਵੀ 'ਸ਼ਖ਼ਸੀ ਸ਼ਕਤੀ' ਨੂੰ 'ਸੰਸਥਾਗਤ' ਰੂਪ 'ਚ ਰੂਪਾਂਤਰ ਕਰਨਾ ਇਸ ਕੜੀ ਦਾ ਹਿਸਾ ਸੀ ਜੋ ਅੱਜ 'ਗੁਰੂ-ਪੰਥ' ਦੀ ਸਰਵਉੱਚ ਸੰਸਥਾ ਵਜੋ ਕਾਰਜਸ਼ੀਲ ਹੈ। ਗੁਰੂ ਜੋਤਿ ਦਾ ਅਧਿਕਾਰੀ ਉਹੀ ਸਿੱਖ ਬਣ ਸਕਿਆ ਜੋ 'ਨਾਨਕ ਨਿਰਮਲ ਪੰਥ' ਦੀ ਸਿਧਾਂਤਕ ਚੇਤਨਤਾ ਦੀ ਸੂਖਮ ਸੂਝ ਦੀ ਸਿਖ਼ਰ ਨੂੰ ਪ੍ਰਾਪਤ ਕਰ ਸਕਿਆ। ਸਿੱਖਾਂ ਦੇ ਸਮੇਂ-ਸਮੇਂ ਬਹੁਤ ਸਾਰੇ ਇਮਤਿਹਾਨ ਹੋਏ, ਸਫਲ ਹੋਏ, ਸਿੱਖਾਂ ਨੂੰ ਮਾਣ-ਸਤਿਕਾਰ ਮਿਲਿਆਂ । ਸਿੱਖ ਚੇਤਨਤਾ ਦੀ ਸ਼ਿਖਰ ਸਾਡੇ ਸਨਮੁੱਖ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੇ ਤੀਰ ਦੇ ਗੋਸ਼ੇ ਨਾਲ 'ਦਾਦੂ ਦੀ ਸਮਾਧ' ਨੂੰ ਨਮਸ਼ਕਾਰ ਕਰਨ ਸਮੇਂ ਵੀ ਹੁੰਦੀ ਹੈ। ਮਹਾਂਨ ਕੋਸ਼ ਵਿਚ ਜਿਸ ਦਾ ਵਿਵਰਣ ਮੌਜੂਦ ਹੈ। ਦਾਦੂ ਦੀ ਸਮਾਧ ਨੂੰ ਨਮਸ਼ਕਾਰ ਕਰਨ, ਕਾਰਨ 'ਪੰਜ ਪਿਆਰਿਆਂ' ਨੇ 'ਗੁਰੂ' ਜੀ ਨੂੰ ਧਾਰਮਿਕ ਤਨਖ਼ਾਂਹ ਇਸ ਕਰਕੇ ਲਾਈ ਕਿ ਗੁਰਮਤਿ ਸਿਧਾਂਤ ਅਨੁਸਾਰ 'ਸਿੱਖ ਨੂੰ ਮੜ੍ਹੀਆਂ-ਮਸ਼ਾਣਾ, ਕਬਰਾਂ' ਦੀ ਪੂਜਾ ਕਰਨ ਤੋਂ ਮਨਾ ਕਰਨ ਦਾ ਹੁਕਮ ਕੀਤਾ ਹੈ। ਗੁਰੂ ਜੀ ਨੇ ਪੰਜ-ਪਿਆਰਿਆਂ ਵਲੋਂ ਲੱਗੀ ਤਨਖ਼ਾਹ ਨੂੰ ਸਵੀਕਾਰ ਕਰ ਸ਼ੁਭ ਰੀਤ ਤੋਰੀ

ਡਾ. ਤਾਰਨ ਸਿੰਘ ਜੀ ਨੇ ਬੜੇ ਭਾਵ-ਪੂਰਤ ਸਬਦਾਂ 'ਚ ਇਸ ਦਾ ਜਿਕਰ ਕੀਤਾ ਹੈ ਕਿ, ਜਦ ਸਿੱਖਾਂ ਦੀ ਚੇਤਨਤਾ ਸ਼ਿਖਰ ਨੂੰ ਪਹੁੰਚ ਗਈ ਤਾਂ 'ਸ਼ਬਦ' ਨੂੰ 'ਗੁਰੂ' ਸਵੀਕਾਰ ਕਰ ਲਿਆ। ਸਪੱਸ਼ਟ ਹੈ ਕਿ ਸਿੱਖ ਸ਼ਖ਼ਸੀਅਤ ਪ੍ਰਸਤੀ ਤੋਂ ਉਪਰ ਉਠ ਚੁੱਕਾ ਸੀ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਸਿੱਖ, 'ਸਿੰਘ' ਪਦਵੀ ਦਾ ਧਾਰਣੀ ਹੋ, ਹਰ ਤਰ੍ਹਾਂ ਦੀ 'ਗੁਲਮੀ' ਤੋਂ ਸੁਤੰਤਰ ਹੋ ਗਿਆ। 'ਗੁਰੂ-ਪੰਥ' ਦੇ ਸਿਧਾਂਤ ਵਿੱਚ ਵੀ 'ਪੰਜਾਂ' ਦੀ ਪ੍ਰਮੁੱਖਤਾ ਹੈ, ਸ਼ਖ਼ਸੀਅਤ ਵਿਸ਼ੇਸ਼ ਦੀ ਨਹੀਂ । 'ਗੁਰੂ ਗ੍ਰੰਥ' ਦੀ ਹਜੂਰੀ 'ਚ 'ਪੰਜ ਪਿਆਰੇ' ਗੁਰੂ ਰੂਪ ਹੋ ਅੰਮ੍ਰਿਤ ਦੀ ਦਾਤ ਦੇ ਸਕਦੇ ਹਨ ਜੋ ਕਾਰਜ਼ ਕੇਵਲ 'ਗੁਰੂ' ਹੀ ਕਰ ਸਕਦਾ ਹੈ, ਇਸ ਤੋਂ ਉਪਰ ਕੋਈ ਪਵਿੱਤਰ ਮਰਯਾਦਾ ਤੇ ਕਾਰਜ਼ ਨਹੀਂ। ਇਹ ਮਰਯਾਦਾ ਸੰਪੂਰਨ ਹੋਣ 'ਤੇ ਪੰਜ ਪਿਆਰੇ 'ਗੁਰਸਿੱਖਾਂ' ਦੇ ਰੂਪ ਵਿਚ ਭਾਈ-ਭਾਈ ਹਨ। ਗੁਰੂ ਰੂਪ 'ਚ ਵਿਸ਼ੇਸ਼ ਅਧਿਕਾਰ ਕੇਵਲ 'ਪੰਜ ਪਿਆਰਿਆਂ' ਦੀ ਮਰਯਾਦਾ ਨਿਭਾਉਣ ਸਮੇਂ ਤੀਕ ਸੀਮਤ ਹੈ।



ਨਿਰਮਲ ਵਿਚਾਰਧਾਰਾ ਅਨੁਸਾਰ ਹੀ ਵਿਲੱਖਣ ਧਾਰਮਿਕ ਸਿੱਖ ਸੰਸਥਾ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਹੋਈ । ਇਸ ਸੰਸ਼ਥਾਂ ਨੇ ਸਿੱਖ ਇਤਿਹਾਸ ਵਿਚ ਸਾਰਥਕ ਇਤਿਹਾਸਕ ਹਿੱਸਾ ਪਾਇਆ । ਸ੍ਰੀ ਅਕਾਲ ਤਖ਼ਤ ਸਾਹਿਬ 'ਗੁਰਦੁਆਰਾ ਸਾਹਿਬ' ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਰ ਗੁਰਦੁਆਰਿਆਂ ਵਾਂਗ ਨਿੰਰਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਸੀ ਹੁੰਦਾ, ਸ਼ਸਤਰਾਂ ਦੀ ਪ੍ਰਮੁੱਖਤਾ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸਵੇਰੇ-ਸ਼ਾਮ ਦੀਵਾਨ ਸਮੇਂ ਜਾਂ ਵਿਸ਼ੇਸ਼ ਸਮਾਗਮ ਸਮੇਂ ਨਿਸ਼ਚਿਤ ਸਥਾਨ 'ਤੇ ਕੀਤਾ ਜਾਂਦਾ ਸੀ । ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੇ ਸਮੇਂ ਨਿਰੰਤਰ ਪ੍ਰਕਾਸ਼ ਹੋਣਾ ਸ਼ੁਰੂ ਹੋਇਆ। ਤਖ਼ਤ ਸਾਹਿਬ ਦਾ ਵਿਲੱਖਣ ਸਿਧਾਂਤ, ਵਿਧੀ-ਵਿਧਾਂਨ ਤੇ ਮਰਯਾਦਾ ਹੈ ਜੋ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੇਖ-ਰੇਖ ਹੇਠ ਨਿਭਾਈ ਜਾਂਦੀ ਹੈ।

ਗੁਰਦੁਆਰੇ 'ਚ ਹਰ ਪ੍ਰਾਣੀ ਮਾਤਰ ਦੀ ਅਰਦਾਸ/ ਕੜਾਹ ਪ੍ਰਸ਼ਾਦ ਦੀ ਦੇਗ ਹੋ ਸਕਦੀ ਹੈ ਪਰ ਤਖ਼ਤ ਸਾਹਿਬ 'ਤੇ 'ਪਤਿਤ ਤੇ ਤਨਖ਼ਾਹੀਏ' ਸਿੱਖ ਦੀ ਅਰਦਾਸ ਵੀ ਨਹੀਂ ਹੋ ਸਕਦੀ। ਗੁਰਦੁਆਰੇ ਦਾ ਉਦੇਸ਼ ਸਮੁੱਚੀ ਮਾਨਵਤਾ ਲਈ ਹੈ ਪਰ ਤਖ਼ਤ ਸਾਹਿਬ ਦਾ 'ਹੁਕਮਨਾਮਾ-ਆਦੇਸ਼' ਸਿੱਖਾਂ ਵਾਸਤੇ ਮੰਨਣਾ ਲਾਜ਼ਮੀ ਹੈ। ਤਖ਼ਤ ਸਾਹਿਬ ਦੇ ਜਥੇਦਾਰ ਦਾ ਵੱਖਰਾ ਰੁਤਬਾ, ਮਾਣ-ਸਤਿਕਾਰ ਹੈ। ਸ੍ਰ. ਵਰਿਆਮ ਸਿੰਘ ਸਕੱਤਰ ਸਾਹਿਬ ਨੇ ਗੱਲ ਸੁਣਾਈ, ਕਿ ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ ਹੋਣਾ ਨੂੰ ਪਟਿਆਲੇ ਇਕ ਸਮਾਗਮ 'ਚ ਕੈਪਟਨ ਅਮਰਿੰਦਰ ਸਿੰਘ ਮਿਲੇ ਤੇ ਕਹਿਣ ਲੱਗੇ, 'ਸਿੰਘ ਸਾਹਿਬ ਜੀ ਤੁਹਾਡੇ ਨਾਲ ਗੱਲ ਕਰਨੀ ਹੈ', ਸਿੰਘ ਸਾਹਿਬ ਜੀ ਨੇ ਕਿਹਾ, 'ਨਿੱਜੀ ਗੱਲ ਕਰਨੀ ਜਾਂ ਪੰਥਕ', ਕੈਪਟਨ ਸਾਹਿਬ ਕਹਿਣ ਲਗੇ ਜੀ ਗੱਲ ਤਾਂ ਪੰਥਕ ਕਰਨੀ ਹੈ? ਸਿੰਘ ਸਾਹਿਬ ਜੀ ਨੇ ਕਿਹਾ,' ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਜਾਣਾ... ਜਿਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੈਪਟਨ ਸਾਹਿਬ ਆਏ ਤਾਂ ਕੈਪਟਨ ਸਾਹਿਬ ਨੇ ਕਿਹਾ, 'ਮੈਡਮ {ਇੰਦਰਾ ਗਾਂਧੀ} ਦਾ ਸੁਨੇਹਾ' ਹੈ... ਸਿੰਘ ਸਾਹਿਬ ਦਾ ਜੁਆਬ ਬੜਾ ਵਧੀਆ ਸੀ, "ਕੌਮ ਨੇ ਤੁਹਾਨੂੰ 'ਮਹਾਂਰਾਜੇ' ਬਣਾਇਆਂ ਸੀ ਤੁਸੀ ਕਦ ਦੇ 'ਰਾਜੇ' ਬਣ ਗਏ ?"

ਭਾਵ ਜਥੇਦਾਰ 'ਸ਼ਖ਼ਸੀ' ਪ੍ਰਭਾਵ ਤੋਂ ਸੁਤੰਤਰ ਸੀ। ਜਦ ਅਸੀਂ ਪੜ੍ਹਦੇ-ਸੁਣਦੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਜੀ, ਪੰਥ ਰਤਨ ਮਾਸਟਰ ਤਾਰਾ ਸਿੰਘ ਜੀ, ਸਰਦਾਰ ਬੂਟਾ ਸਿੰਘ ਜੀ, ਸਰਦਾਰ ਸੁਰਜੀਤ ਸਿੰਘ ਜੀ ਬਰਨਾਲਾ... ਤੇ ਹੁਣ ਸ੍ਰ.ਸੁਖਬੀਰ ਸਿੰਘ ਬਾਦਲ ਹੱਥ ਬੰਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਸਵੀਕਾਰ ਰਹੇ ਹਨ ਤਾਂ ਸਾਡਾ ਸਿਰ ਮਾਣ ਨਾਲ ਉਚਾ ਹੋ ਜਾਂਦਾ ਹੈ ਕਿ ਇਤਿਹਾਸ ਸਿਰਜਿਆ ਗਿਆ, ਸਰਵ-ਉਚ ਸੰਸਥਾ ਦਾ 'ਰੁਤਬਾ' ਬਹਾਲ ਹੋਇਆ ਹੈ। ਗੌਰਵਮਈ ਸਿੱਖ ਸੰਸਥਾਂਵਾ 'ਤੇ ਮਾਣ ਹੈ...ਪਰ ਜਦ 'ਜਥੇਦਾਰਾਂ' ਨੂੰ ਹੀ 'ਤਲਬ' ਹੋਇਆ ਦੇਖਦੇ ਹਾਂ ਤਾਂ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਾਂ ਕਿ ਇਨ੍ਹਾਂ ਸੰਸਥਾਂਵਾ ਦੇ ਮੁੱਖੀ ਲਾਉਣ ਸਮੇਂ 'ਪੰਥਕ ਜੁਗਤਿ' 'ਤੇ 'ਸਿਆਸੀ ਸ਼ਖ਼ਸੀ ਸ਼ਕਤੀ' ਭਾਰੂ ਹੋ ਗਈ ਹੈ, ਜਿਸ ਦੀ ਸਿੱਖ ਵਿਚਾਰਧਾਰਾ ਵਿਚ ਕੋਈ ਥਾਂ ਨਹੀਂ...

ਪ੍ਰੋ. ਦਰਸ਼ਨ ਸਿੰਘ ਜੀ, ਪ੍ਰੋ. ਮਨਜੀਤ ਸਿੰਘ ਜੀ, ਭਾਈ ਰਣਜੀਤ ਸਿੰਘ ਜੀ, ਗਿਆਨੀ ਪੂਰਨ ਸਿੰਘ ਜੀ, ਗਿਆਨੀ ਜੋਗਿੰਦਰ ਸਿੰਘ ਜੀ, ਗਿਆਨੀ ਗੁਰਬਚਨ ਸਿੰਘ ਜੀ, ਗਿਆਨੀ ਗੁਰਮੁੱਖ ਸਿੰਘ ਜੀ ਤੇ ਹੁਣ ਗਿਆਨੀ ਹਰਪ੍ਰੀਤ ਸਿੰਘ ਜੀ ਆਦਿ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦੂਸਰੇ ਤਖ਼ਤਾਂ ਦੇ 'ਜਥੇਦਾਰ' ਲਾਉਣ ਤੇ ਹਟਾਉਣ ਦੀ ਸਥਿਤੀ ਸਾਡੇ ਸਾਹਮਣੇ ਹੈ...ਇਸ ਨਾਲ 'ਪੰਥਕ' ਪਾਰਟੀ ਤੇ ਸ਼੍ਰੋਮਣੀ ਕਮੇਟੀ ਦੀ ਸਥਿਤੀ ਵੀ ਹਾਸੋ-ਹੀਣੀ ਹੋ ਗਈ...ਪ੍ਰੋ. ਦਰਸ਼ਨ ਸਿੰਘ ਜੀ ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੰਥ 'ਚੋ ਖਾਰਜ਼ ਕਰਨਾ ਅਤੇ ਗਿਆਨੀ ਗੁਰਬਚਨ ਸਿੰਘ ਜੀ ਤੋਂ ਸਪੱਸ਼ਟੀਕਰਨ ਮੰਗਣਾ, ਸ਼ਪੱਸਟੀਕਰਨ ਤਸੱਲੀਬਖਸ਼ ਨਾ ਹੋਣ ਕਾਰਨ ਧਾਰਮਿਕ-ਸਮਜਿਕ ਸਮਾਗਮਾਂ ਸਮੇਂ ਬੋਲਣ 'ਤੇ ਰੋਕ ਲਾਉਣਾ ਆਦਿ ਜਥੇਦਾਰ 'ਲਾਉਣ ਤੇ ਹਟਾਉਣ' ਦੀ ਨੀਤੀ 'ਤੇ ਸੋਚਣ ਲਈ ਮਜਬੂਰ ਕਰਦਾ ਹੈ... ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਸੁਤੰਤਰ ਸਿੱਖ ਸੋਚ ਦੇ ਧਾਰਣੀ ਗੁਰਸਿੱਖਾਂ, ਗੁਲਾਮ ਭਾਰਤ ਵਿੱਚ ਅਜਾਦ ਸਿੱਖ ਸੰਸਥਾ, 'ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ' ਦੀ 15 ਨਵੰਬਰ, 1920 ਨੂੰ ਸਿਰਜਣਾ ਕਰ ਨਵਾਂ ਕੀਰਤੀਮਾਨ ਸਥਾਪਿਤ ਕੀਤਾ। ਸਿਰਜਣਾ ਹੋਣ 'ਤੇ ਹੀ ਮਹਾਤਮਾ ਗਾਂਧੀ ਨੂੰ ਕਹਿਣਾ ਪਿਆ, 'ਸਿੱਖਾਂ ਨੇ ਅਜਾਦੀ ਦੀ ਪਹਿਲੀ ਲੜਾਈ ਜਿੱਤ ਲਈ' ।...ਚਾਬੀਆਂ ਦੇ ਮੋਰਚੇ ਸਮੇਂ ਅੰਗਰੇਜ਼ ਰਾਜ ਦੇ ਡੀ. ਸੀ. ਅੰਮ੍ਰਿਤਸਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਭਰੇ ਦੀਵਾਨ 'ਚ 'ਗੋਡਿਆਂ ਭਾਰ' ਹੋ ਚਾਬੀਆਂ ਬਾਬਾ ਖੜਕ ਸਿੰਘ ਜੀ ਪ੍ਰਧਾਨ, 'ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮਿਤਸਰ' ਨੂੰ ਪੇਸ਼ ਕਰ 'ਸੁਤੰਤਰ ਸਿੱਖ ਸ਼ਕਤੀ' ਨੂੰ ਸਵੀਕਾਰ ਕਰਨਾ ਪਿਆ। ਇਕ ਕੇਸ 'ਚ ਪੰਥ ਦੇ ਬੇਤਾਜ਼ ਬਾਦਸ਼ਾਹ ਬਾਬਾ ਖੜਕ ਸਿੰਘ ਨੇ ਕਿਹਾ ਸੀ, 'ਸਰਕਾਰ ਇਸ ਜ਼ੋਰ ਜ਼ਬਰਦਸਤੀ ਦੀ ਇਕ ਧਿਰ ਹੈ ਅਤੇ ਜੱਜ ਇਸ ਦਾ ਮੁਲਜ਼ਮ ਹੈ। ਇਸ ਲਈ ਮੈਂ ਕੋਈ ਬਿਆਨ ਦੇਣ ਦੀ ਇਛਾ ਨਹੀ ਰੱਖਦਾ। ਸਿੱਖ ਪੰਥ ਦੇ ਪ੍ਰਧਾਨ ਦੇ ਤੌਰ 'ਤੇ ਮੇਰੀ ਪਦਵੀ ਉਹ ਹੈ ਜੋ ਅਮਰੀਕਾ, ਫਰਾਂਸ ਤੇ ਜਰਮਨ ਦੇ ਪ੍ਰਧਾਨਾਂ ਦੀ ਹੈ'। ਇਹ ਵਿਚਾਰ ਸੁਤੰਤਰ ਸਿੱਖ ਸੋਚ ਦੀ ਤਰਜ਼ਮਾਨੀ ਕਰਦੇ ਹਨ...'ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ' ਉਸ ਸਮੇਂ ਸ਼੍ਰੋਮਣੀ ਸੰਸਥਾ ਸੀ ਤੇ ਸ਼੍ਰੋਮਣੀ ਅਕਾਲੀ ਦਲ ਉਸ ਦਾ ਸਹਾਇਕ 'ਖੜਕ-ਭੁਜਾ' ਵਜੋਂ ਕਾਰਜ਼ਸ਼ੀਲ ਸੀ... ਪਰ 'ਸ਼੍ਰੋਮਣੀ ਅਕਾਲੀ ਦਲ' ਦਾ ਦਫਤਰ ਜਿਸ ਦਿਨ ਤੋਂ 'ਚੰਡੀਗੜ੍ਹ' ਤਬਦੀਲ ਹੋਇਆ, ਉਸ ਦਿਨ ਤੋਂ ਹੀ ਇਸ ਦੀ ਪਹਿਚਾਣ, ਖਾਸ ਪੰਥਕ ਪਹਿਰਾਵੇ, ਬੋਲ-ਚਾਲ ਤੇ ਵਿਵਹਾਰ ਵੀ ਬਦਲਣਾ ਸ਼ੁਰੂ ਹੋ ਗਿਆ...ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ 'ਖੜਗ-ਭੁਜਾ' 'ਸ਼੍ਰੋਮਣੀ ਅਕਾਲੀ ਦਲ' ਦੀ ਸਥਾਂਨਿਕ ਦੂਰੀ 'ਸਿਧਾਂਤਕ' ਦੂਰੀ ਵਿੱਚ ਵੀ ਤਬਦੀਲ ਹੋ ਗਈ...'ਸ਼੍ਰੋਮਣੀ ਅਕਾਲੀ ਦਲ' ਦੀਆਂ ਕੁਝ ਸਿਆਸੀ ਸ਼ਖਸੀਅਤਾਂ ਵਲੋਂ, 'ਪੰਥ ਪ੍ਰਸਤੀ' ਨੂੰ ਛੱਡ 'ਪਰਿਵਾਰ ਪ੍ਰਸਤੀ', ਨਿਰੰਕਾਰੀਆਂ, ਰਾਧਾ ਸੁਆਮੀ, ਨਾਮਧਾਰੀਆਂ, ਨੂਰਮਹਿਲੀਏ, ਭਨਿਆਰੇਵਾਲੇ, ਰਾਮ ਰਹੀਮ ਸਰਸਾ ਤੇ ਹੋਰ ਡੇਰੇਦਾਰਾਂ ਦੀ ਕੀਤੀ 'ਸਿਆਸੀ ਪੁਸ਼ਤ-ਪਨਾਹੀ' ਸਭ ਨੂੰ ਲੈ ਡੁਬੀ...ਕਿਸੇ ਨੇ ਰੋਕਿਆ-ਟੋਕਿਆ ਤਾਂ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾਂ ਦਿੱਤਾ... ਭਾਵੇ ਉਹ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾਂ ਹੀ ਹੋਣ... ਹਾਂ ਵਿਚ ਹਾਂ ਮਿਲਾਓ ਫ਼ਿਉਮਪ;ਰ ਭਾਵੇਂ 'ਰਮਾਇਣ-ਮਹਾਂ ਭਾਰਤ' ਦੇ ਪਾਠ ਤੇ 'ਮਹਾਂ ਸੰਪਟ ਪਾਠ' ਤੇ 'ਹਵਨ' ਕਰਵਾਓ ਫਿਰ ਵੀ "ਅਕਾਲੀ" ਨੇਤਾ ਸਤਿਕਾਰ ਨਾਲ ਸਦਵਾਓ.. 'ਗੁਰੂ ਪੰਥ' ਨੂੰ ਸਮਰਪਿਤ ਸਿੱਖ ਕਿਤਨੇ ਚੇਤਨ ਸਨ ਇਕ ਉਦਾਰਹਣ ਦੇਣੀ ਯੋਗ ਹੋਵੇਗੀ... ਇਕ ਅਨੰਦ ਕਾਰਜ਼ ਸਮੇਂ 'ਸ਼੍ਰੋਮਣੀ ਅਕਾਲੀ ਦਲ'/'ਸ਼੍ਰੋਮਣੀ ਕਮੇਟੀਫ਼#39; ਦੇ 'ਸੰਤ' ਪ੍ਰਧਾਨ ਜੀ ਲੜਕੇ /ਲੜਕੀ ਨੂੰ ਸਿਖਿਆ-ਅਸੀਸ ਦੇਣ ਲਈ ਮਾਈਕ ਲੈ ਖੜੇ ਹੋ ਗਏ... ਗਿਆਨੀ ਹਰਿਭਗਤ ਸਿੰਘ ਜੀ ਮੈਂਬਰ, ਸ਼੍ਰੋਮਣੀ ਕਮੇਟੀ ਨੇ ਮਾਇਕ ਖੋਹ ਲਿਆ ਤੇ ਕਿਹਾ, 'ਸੰਤ ਜੀ ਗ੍ਰਹਿਸਤੀ ਨੂੰ ਉਪਦੇਸ਼ ਕੇਵਲ ਗ੍ਰਹਿਸਤੀ ਹੀ ਦੇ ਸਕਦਾ ਹੈ,ਇਹ ਤੁਹਾਡੇ ਅਧਿਕਾਰ ਖੇਤਰ 'ਚ ਨਹੀਂ'... ਸ਼ਖਸ਼ਪ੍ਰਸਤੀ, ਖੁਸ਼ਾਮਦ ਤੋਂ ਪਰੇ ਇਹ ਹੈ, ਸਿੱਖ ਚੇਤਨਤਾ ਦੀ ਸ਼ਿਖਰ ਸੀ...ਅੱਜ ਸਾਡੀ ਹਾਲਤ ਸਭ ਦੇ ਸਨਮੁੱਖ ਹੈ... 2 ਦਿਸੰਬਰ, 2024 ਦੇ ਹੁਕਮਨਾਮੇ ਤੋਂ ਬਾਅਦ 'ਗੁਰੂ-ਪੰਥ' ਦੀ ਸਰਵ-ਉਚ ਸੰਸਥਾ ਦਾ ਸਤਿਕਾਰ-ਵਿਕਾਰ ਬਹਾਲ ਹੋਇਆ ਪਰ ਇਕ ਦੂਜੇ ਪ੍ਰਤੀ 'ਦੂਸ਼ਬਾਜ਼ੀ- ਕਿਰਦਾਰਕੁਸ਼ੀ' ਪੜ੍ਹਨ-ਸੁਣਣ ਨੂੰ ਮਿਲ ਰਹੀ ਹੈ, ਉਸ ਨੇ ਹਰ ਸਿੱਖ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ । ਅੱਜ ਪ੍ਰਧਾਨ 'ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮਿਤਸਰ' ਨੂੰ ਇਕ ਮਹਿਲਾ ਸਾਬਕਾ ਪ੍ਰਧਾਨ ਨੂੰ 'ਕਬੋਲ-ਬੋਲ' ਬੋਲਣ ਕਾਰਨ 'ਮਹਿਲਾ-ਕਮਿਸ਼ਨ' ਸਨਮੁੱਖ ਪੇਸ਼ ਹੋਣਾ ਪਿਆ... ਬੋਲ-ਕਬੋਲ ਕਾਰਨ ਹੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ 'ਆਤਮਿਕ ਸ਼ੁਧੀ' ਲਈ ਬੇਨਤੀ ਪੱਤਰ ਦੇਣਾ ਪਿਆ... 'ਗਲਤੀ ਦੀ ਮੁਆਫੀ' ਹਮ-ਰੁਤਬਾ ਸਾਬਕਾ ਪ੍ਰਧਾਨ, ਬੀਬੀ ਜਗੀਰ ਕੌਰ ਜੀ, ਸਮੁੱਚੀ ਇਸ਼ਤਰੀ ਜਾਤੀ ਤੇ ਮਹਿਲਾ ਕਮਿਸ਼ਨ ਦੀ ਮੁੱਖੀ ਤੋਂ ਵੀ ਮੰਗਣੀ ਪਈ...ਮੁਆਫੀ 'ਪ੍ਰਵਾਨ-ਸਵੀਕਾਰ' ਹੁੰਦੀ ਹੈ ਜਾਂ ਨਹੀਂ ਪਰ ਧਾਮੀ ਸਾਹਿਬ ਦੀ 'ਸਫੇਦ ਪੁਸ਼ਾਕ' ਧੁੰਦਲੀ ਜਰੂਰ ਹੋ ਗਈ... ਹੈਰਾਨੀ ਇਹ ਵੀ ਹੈ ਕਿ ਮੁਆਫੀ ਦੀ ਪੱਤ੍ਰਕਾ, 'ਪ੍ਰਧਾਨ, ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ' ਦੇ ਪੈਡ 'ਤੇ ਲਿਖੀ ਗਈ...

...ਪੋਹ ਦੇ ਮਹੀਨੇ ਹੀ ਵਰਤਮਾਨ ਸਥਿਤੀ ਸਭ ਦੇ 'ਸਨਮੁੱਖ' ਹੈ। ਸ਼ਹੀਦੀ ਦਿਹਾੜਿਆਂ ਦੌਰਾਨ ਪੋਹ ਦੇ ਮਹੀਨੇ {10 ਦਿਸੰਬਰ ਤੋਂ 23 ਦਿਸੰਬਰ,2024} 13 ਦਿਨਾਂ. 'ਚ ਤਿੰਨ ਹੰਗਾਮੀ ਮੀਟਿੰਗਾਂ ਬੁਲਾ ਕੇ ਨਵਾਂ 'ਕੀਰਤੀਮਾਨ' ਸਥਾਪਤ ਹੋ ਗਿਆ... ਸ਼ਾਇਦ ਸ਼੍ਰੋਮਣੀ ਕਮੇਟੀ ਦੇ ਇਤਿਹਾਸ 'ਚ ਪਹਿਲੀ ਵਾਰ ਹੋਇਆ। ਸਰਦਾਰ ਨਰਾਇਣ ਸਿੰਘ ਚੌੜਾ ਨੂੰ 'ਪੰਥ' 'ਚੋ ਛੇਕਣ ਲਈ 'ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ' ਵਲੋਂ ਹੰਗਾਮੀ ਮੀਟਿੰਗ ਦੇ 'ਫ਼ਉਮਪ;ਸਲੇ' 'ਤੇ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਕੀ 'ਅਦੇਸ਼' ਜਾਰੀ ਕਰਦੇ ਹਨ ਪਤਾ ਨਹੀਂ...ਸਿੱਖਾਂ ਦੀ 'ਸ਼੍ਰੋਮਣੀ ਸੰਸਥਾ', ਸ਼੍ਰੋਮਣੀ ਗੁ:ਪ੍ਰ; ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਲਏ ਫ਼ਉਮਪ;ਸਲੇ ਨੂੰ 'ਗੁਰੂ-ਪੰਥ' ਦੀ ਸਰਵ-ਉਚ ਸੰਸਥਾ, ਸ੍ਰੀ ਅਕਾਲ ਤਖ਼ਤ ਸਾਹਿਬ ਦੀ 'ਪ੍ਰਵਾਨਗੀ' ਪ੍ਰਾਪਤ ਹੁੰਦੀ ਹੈ ? ਦੋ ਸਿੱਖ ਸੰਸ਼ਥਾਂਵਾ 'ਚ 'ਸੁਆਲ' ਪੈਦਾ ਹੋ ਗਿਆ। ਸ਼੍ਰੋਮਣੀ ਕਮੇਟੀ ਨੂੰ ਅਣਚਾਹੀ ਅਲੋਚਨਾ ਦਾ ਜੋ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਸਭ ਦੇ ਸਾਹਮਣੇ ਹੈ...ਇਸ ਤਰ੍ਹਾਂ ਦੇ ਸਿਆਸੀ ਪ੍ਰਭਾਵ ਕਾਰਨ ਵਰਤਮਾਨ ਸਮੇਂ 'ਸ਼੍ਰੋਮਣੀ ਅਕਾਲੀ ਦਲ' ਦੀ ਸਹਾਇਕ ਸੰਸਥਾ ਵਜੋਂ ਕੰਮ ਕਰਦੀ ਨਜ਼ਰੀ ਆ ਰਹੀ ਹੈ...'ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ'।

ਸਿਧਾਂਤਕ, ਸੁਤੰਤਰ ਸਿੱਖ ਸੋਚ-ਸਮਝ, ਗੁਰਮਤਿ ਵਿਚਾਰਧਾਰਾ, ਪੰਥ-ਪ੍ਰਸਤੀ, ਸਿੱਖ ਸੰਸਥਾਵਾਂ ਪ੍ਰਤੀ ਸਮਰਪਿਤ ਭਾਵਨਾ ਦੀ ਘਾਟ ਤੇ ਪਰਿਵਾਰ-ਪ੍ਰਸਤੀ, ਸਿਆਸੀ ਸ਼ਖਸ਼ੀਅਤਾਂ ਦੇ 'ਬੋਲ-ਬਾਲੇ' ਕਾਰਨ 'ਸਿੱਖ ਸੰਸਥਾਵਾਂ' ਨਿਗਾਰ ਵਲ ਵਧ ਰਹੀਆਂ ਹਨ ਜੋ ਆਉਣ ਵਾਲੇ ਸਮੇਂ ਲਈ ਘਾਤਕ ਹੋਵੇਗਾ...ਸਿੱਖਾਂ ਨੂੰ ਚੇਤਨ ਹੋਣ ਤੇ ਗਹਿਣ ਚਿੰਤਨ ਕਰਨ ਦੀ ਜਰੂਰਤ ਹੈ ਕਿ, ਵਿਲੱਖਣ ਗੁਰਮਤਿ ਵਿਚਾਰਧਾਰਾ ਨੂੰ ਮੰਨਣ-ਸਵੀਕਾਰਨ, ਅਮੀਰ ਸਿੱਖ ਵਿਰਾਸਤ ਦੇ ਮਾਲਕ ਤੇ ਸੁਨਹਿਰੀ ਇਤਿਹਾਸ ਨੂੰ ਸਿਰਜਣ ਵਾਲਿਆਂ ਦੀ ਵਰਤਮਾਨ ਸਥਿਤੀ ਕਿਉਂ ਬਣੀ...ਸ਼ਖਸ਼ੀ ਗੁਲਾਮੀ ਤੋਂ ਸੁਤੰਤਰ ਤੇ ਸਿੱਖ ਸੰਸਥਾਵਾਂ ਨੂੰ ਸਮਰਪਿਤ ਹੋ, ਬੋਲ-ਕਬੋਲ ਛੱਡ, ਮਿਠ-ਬੋਲੜੇ ਹੋ ,ਸਿੱਖ ਭਰਾਵਾਂ ਦੀ ਕਿਰਦਾਰਕੁਸ਼ੀ ਨੂੰ ਮੂਲੋ ਬੰਦ ਕਰਕੇ, ਸਿੱਖੀ ਦੀ ਖੁਸ਼ਬੋਈ ਬਿਖੇਰਨਾ ਸਮੇਂ ਦੀ ਮੰਗ ਹੈ...।

ਡਾ. ਰੂਪ ਸਿੰਘ, ਸਾਬਕਾ ਮੁੱਖ ਸਕੱਤਰ, ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ,
98146 37979



# ਤੁਹਾਡੀ ਫ਼ਸਲ ਤਾਂ ਫਰੀ ਹੁੰਦੀ ਐ

ਕਿਸਾਨਾਂ 'ਤੇ ਕੋਈ ਨਾ ਕੋਈ ਮੁਸੀਬਤ ਟੁੱਟਦੀ ਹੀ ਰਹਿੰਦੀ ਹੈ। ਤੀਸਰੇ ਚੌਥੇ ਸਾਲ ਬੇਮੌਸਮੀ ਬਰਸਾਤ, ਸੋਕਾ, ਗੁਲਾਬੀ ਸੁੰਡੀ, ਨਕਲੀ ਕੀਟ ਨਾਸ਼ਕ, ਨਦੀਨ ਨਾਸ਼ਕ ਤੇ ਖਾਦਾਂ ਆਦਿ ਦੀ ਮਾਰ ਪੈ ਹੀ ਜਾਂਦੀ ਹੈ। ਜੇ ਰੱਬ ਰੱਬ ਕਰਦਿਆਂ ਫਸਲ ਸਹੀ ਸਲਾਮਤ ਅੰਜ਼ਾਮ ਨੂੰ ਪਹੁੰਚ ਵੀ ਜਾਵੇ ਤਾਂ ਫਿਰ ਇਸ ਸਾਲ ਦੇ ਝੋਨੇ ਵਾਂਗ ਮੰਡੀਆਂ ਵਿੱਚ ਬੇਕਦਰੀ। ਮੇਰੇ ਦਾਦਾ ਜੀ ਕਹਿੰਦੇ ਹੁੰਦੇ ਸਨ ਕਿ ਜਿਹੜਾ ਵਿਅਕਤੀ ਸਾਹ ਲੈਣ ਵਾਲਾ (ਪੋਲਟਰੀ ਅਤੇ ਡੇਅਰੀ), ਸੜਕ 'ਤੇ ਚੱਲਣ ਵਾਲਾ (ਟਰੱਕ ਟੈਕਸੀਆਂ ਆਦਿ) ਅਤੇ ਕੁਦਰਤ 'ਤੇ ਨਿਰਭਰ (ਖੇਤੀਬਾੜੀ) ਧੰਦਾ ਕਰਦਾ ਹੈ, ਉਹ ਕਦੇ ਵੀ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ। ਆਮ ਲੋਕ ਸਮਝਦੇ ਹਨ ਕਿ ਖੇਤੀਬਾੜੀ ਤਾਂ ਸੌਖੀ ਹੀ ਬਹੁਤ ਹੈ। ਬੱਸ ਬੀਜ ਤੇ ਖਾਦ ਪਾਈ ਤੇ ਛੇ ਮਹੀਨਿਆਂ ਵਿੱਚ ਫਸਲ ਤਿਆਰ। ਉਨ੍ਹਾਂ ਨੂੰ ਨਹੀਂ ਪਤਾ ਕਿ ਮੰਡੀ ਵਿੱਚ ਪਈ ਕਣਕ ਜਾਂ ਝੋਨੇ ਦੀ ਢੇਰੀ ਦੇ ਪਿੱਛੇ ਕਿੰਨੀ ਮਿਹਨਤ ਲੱਗਦੀ ਹੈ। ਸੌਣ ਭਾਦਰੋਂ ਦੀਆਂ ਹੁੰਮਸ ਭਰੀਆਂ ਧੁੱਪਾਂ ਤੇ ਪੋਹ ਮਾਘ ਦੀ ਹੱਡ ਜਮਾਂ ਦੇਣ ਵਾਲੀ ਸਰਦੀ ਵਿੱਚ ਨੰਗੇ ਪੈਰੀਂ ਖੇਤਾਂ ਨੂੰ ਪਾਣੀ ਲਗਾਉਣਾ, ਖਾਦ ਖਿਲਾਰਨੀ ਅਤੇ ਕੀਟ ਨਾਸ਼ਕ - ਨਦੀਨ ਨਾਸ਼ਕ ਸਪਰੇਅ ਕਰਨੇ ਪੈਂਦੇ ਹਨ। ਜਿਸ ਵੇਲੇ ਅੱਧਾ ਭਾਰਤ ਏ.ਸੀ. ਦੀ ਠੰਡਕ ਜਾਂ ਹੀਟਰ ਦੇ ਨਿੱਘ ਦਾ ਅਨੰਦ ਮਾਣ ਰਿਹਾ ਹੁੰਦਾ ਹੈ, ਉਸ ਵੇਲੇ ਕਿਸਾਨ ਖੇਤਾਂ ਵਿੱਚ ਡਟੇ ਹੁੰਦੇ ਹਨ। ਇਹ ਦੁਨੀਆਂ ਦਾ ਇੱਕੋ ਇੱਕ ਵਪਾਰ ਹੈ ਜਿਸ ਵਿੱਚ ਵਿਕਰੇਤਾ ਦੀ ਬਜਾਏ ਰੇਟ ਖਰੀਦਦਾਰ ਤਹਿ ਕਰਦਾ ਹੈ। 35 - 40 ਸਾਲ ਪੁਰਾਣੀ ਗੱਲ ਜਦੋਂ ਮੈਂ ਪੜ੍ਹਾਈ ਦੇ ਨਾਲ ਨਾਲ ਖੇਤੀਬਾੜੀ ਵਿੱਚ ਆਪਣੇ ਪਿਤਾ ਜੀ ਦਾ ਹੱਥ ਵਟਾਉਂਦਾ ਹੁੰਦਾ ਸੀ। ਸਾਡੇ ਪਿੰਡ ਕਈ ਦੁਕਾਨਾਂ ਸਨ ਪਰ ਇੱਕ ਦੁਕਾਨਦਾਰ ਕਿੰਦੇ (ਕਾਲਪਨਿਕ ਨਾਮ) ਨਾਲ ਸਾਡਾ ਕਾਫੀ ਪਿਆਰ ਸੀ ਤੇ ਉਧਾਰ ਸੁਧਾਰ ਵੀ ਚੱਲਦਾ ਸੀ। ਇੱਕ ਦਿਨ ਮੈਂ ਕਿੰਦੇ ਦੀ ਦੁਕਾਨ ਦੇ ਪੀਪੇ ਵਿੱਚੋਂ ਮੂੰਗਫਲੀ ਦੀ ਮੁੱਠ ਭਰ ਲਈ। ਕਿੰਦਾ ਮੈਨੂੰ ਕਹਿਣ ਲੱਗਾ, "ਅਠਿਆਨੀ (ਪੰਜਾਹ ਪੈਸੇ) ਦੀ ਊ, ਐਵੇਂ ਮੁਫਤ ਨਾ ਸਮਝ ਲਈਂ।" ਮੈਂ ਮੂੰਗਫਲੀ ਵਾਪਸ ਪੀਪੇ ਵਿੱਚ ਸੁੱਟ ਦਿੱਤੀ ਤੇ ਬੋਲਿਆ, "ਤੂੰ ਜਿਹੜੇ ਸਾਡੇ ਖੇਤਾਂ ਵਿੱਚੋਂ ਤੀਜੇ ਚੌਥੇ ਦਿਨ ਛਟਾਲੇ (ਬਰਸੀਮ) ਦੀ ਪੰਡ ਵੱਢ ਲਿਆਉਨਾ, ਗਾਜਰਾਂ ਮੂਲੀਆਂ, ਗੋਂਗਲੂ, ਗੋਭੀ ਤੇ ਸਾਗ ਤੋੜ ਲਿਆਉਨਾ, ਉਨ੍ਹਾਂ ਦਾ ਕੋਈ ਮੁੱਲ ਨਹੀਂ? ਉਹ ਅੱਗੋਂ ਦੰਦੀਆਂ ਕੱਢ ਕੇ ਬੋਲਿਆ, "ਧਾਡਾ ਸਮਾਨ ਤਾਂ ਫਰੀ ਦਾ ਹੁੰਦਾ ਆ।" ਉਸ ਦੀ ਗੱਲ ਮੇਰੇ ਕਲੇਜੇ 'ਤੇ ਲੜ ਗਈ, "ਅੱਛਾ, ਉਹ ਆਪੇ ਉੱਗ ਪੈਂਦੀਆਂ ਨੇ? ਬੀਜ ਤੇ ਖਾਦ ਮੁਫਤ ਮਿਲਦੇ ਆ? ਕੋਈ ਨੀਂ ਪੁੱਤ ਦੁਬਾਰਾ ਆਈਂ, ਦੱਸੂੰਗਾ ਤੈਨੂੰ ਸਾਡੀ ਫਸਲ ਫਰੀ ਦੀ ਹੁੰਦੀ ਆ ਕਿ ਮੁੱਲ ਦੀ।" ਇਹ ਕਹਿ ਕੇ ਮੈਂ ਘਰ ਨੂੰ ਚੱਲ ਪਿਆ ਤੇ ਕਿੰਦਾ ਸਮਝ ਗਿਆ ਕਿ ਉਸ ਨੇ ਗਲਤੀ ਕਰ ਲਈ ਹੈ। ਉਹ ਲਿਫਾਫੇ ਵਿੱਚ ਕਾਫੀ ਸਾਰੀ ਮੂੰਗਫਲੀ ਪਾ ਕੇ ਮੇਰੇ ਪਿੱਛੇ ਭੱਜਿਆ ਤੇ ਗਲਤੀ ਮੰਨ ਕੇ ਮੂੰਗਫਲੀ ਦੇ ਕੇ ਗਿਆ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਪੰਡੋਰੀ ਸਿੱਧਵਾਂ 9501100062

ਮੇਰਾ ਇੱਕ ਦੋਸਤ ਤੇਜਾ (ਕਾਲਪਨਿਕ ਨਾਮ) ਬਟਾਲੇ ਨੇੜੇ ਰਹਿੰਦਾ ਹੈ ਤੇ ਤਰਬੂਜ਼ ਤੇ ਖਰਬੂਜਿਆਂ ਦੀ ਕਾਸ਼ਤ ਕਰਦਾ ਹੈ। ਇੱਕ ਦਿਨ ਉਹ ਸੁਵੱਖਤੇ ਤਰਬੂਜ਼ਾਂ ਦੀ ਟਰਾਲੀ ਲੈ ਕੇ ਧਾਰੀਵਾਲ ਦੀ ਸਬਜ਼ੀ ਮੰਡੀ ਵਿੱਚ ਖੜ੍ਹਾ ਸੀ ਕਿ ਸੈਰ ਕਰਦਾ ਹੋਇਆ ਇੱਕ ਵਿਅਕਤੀ ਆਇਆ ਤੇ ਬਿਨਾਂ ਦੱਸੇ ਪੁੱਛੇ ਦੋ ਵਧੀਆ ਜਿਹੇ ਤਰਬੂਜ਼ ਚੁੱਕ ਕੇ ਚੱਲਦਾ ਬਣਿਆ। ਤੇਜਾ ਪਹਿਲਾਂ ਹੀ ਗਰਮੀ ਅਤੇ ਲੱਗ ਰਹੇ ਘੱਟ ਰੇਟ ਤੋਂ ਸੜਿਆ ਬਲਿਆ ਪਿਆ ਸੀ। ਉਸ ਨੇ ਉਸ ਵਿਅਕਤੀ ਨੂੰ ਜਾ ਘੇਰਿਆ ਤੇ ਪੁੱਛਿਆ ਕਿ ਭਾਈ ਸਾਹਿਬ ਇਹ ਕੀ ਕਰ ਰਹੇ ਹੋ? ਉਸ ਵਿਅਕਤੀ ਨੇ ਪੂਰੀ ਢੀਠਤਾਈ ਨਾਲ ਜਵਾਬ ਦਿੱਤਾ, "ਕਾਕਾ ਤੂੰ ਮੈਨੂੰ ਪਛਾਣਿਆ ਨਈਂ? ਮੈਂ ਸਾਬਕਾ ਮੰਤਰੀ ਫਲਾਣਾ ਸਿੰਘ ਆਂ।" "ਮੈਂ ਧਾਨੂੰ ਚੰਗੀ ਤਰਾਂ ਜਾਣਦਾ ਆਂ। ਪਰ ਤੁਹਾਡਾ ਫਰਜ਼ ਨਈਂ ਬਣਦਾ ਕਿ ਮੈਨੂੰ ਪੁੱਛ ਕੇ ਤਰਬੂਜ਼ ਚੁੱਕਦੇ? ਹੁਣ ਜੇ ਮੈਂ ਧਾਡੇ ਕੋਲੋਂ ਹਦਵਾਣੇ ਖੋਹ ਲਵਾਂ ਤਾਂ ਧਾਡੇ ਪੱਲੇ ਕੀ ਰਹੂਗਾ?" ਪਰ ਉਹ ਲੀਡਰ ਵੀ ਸਿਰੇ ਦਾ ਢੀਠ ਸੀ, "ਉਹ ਕਾਕਾ, ਦੋ ਹਦਵਾਣਿਆਂ ਲਈ ਮੈਂ ਤੈਨੂੰ ਕੀ ਪੁੱਛਦਾ? ਨਾਲੇ ਜੱਟਾਂ ਨੂੰ ਕੀ ਫਰਕ ਪੈਂਦਾ ਦੋ ਚਾਰ ਹਦਵਾਣਿਆਂ ਨਾਲ," ਤੇ ਉਹ ਤਰਬੂਜ਼ ਲੈ ਕੇ ਤੁਰਦਾ ਬਣਿਆ।

ਮੇਰਾ ਇੱਕ ਦੋਸਤ ਹਰਬੰਸ ਲਹਿਰਾ ਗਾਗਾ ਨੇੜੇ ਨੰਗਲਾ ਪਿੰਡ ਦਾ ਰਹਿਣ ਵਾਲਾ ਹੈ। ਅੱਜ ਤੋਂ 15 - 20 ਪਹਿਲਾਂ ਉਥੇ ਵੱਡੇ ਪੱਧਰ 'ਤੇ ਮੂੰਗਫਲੀ ਦੀ ਕਾਸ਼ਤ ਹੁੰਦੀ ਸੀ। ਇੱਕ ਵਾਰ ਉਸ ਦਾ ਤਾਇਆ ਲਹਿਰੇ ਮੰਡੀ ਮੂੰਗਫਲੀ ਲੈ ਕੇ ਗਿਆ ਤਾਂ ਹਰ ਲੰਘਦਾ ਵੜਦਾ ਬੰਦਾ ਮੂੰਗਫਲੀ ਦੀਆਂ ਮੱਠੀਆਂ ਭਰ ਕੇ ਲਿਜਾਣ ਲੱਗਾ। ਇਹ ਸਭ ਕੁਝ ਤਾਂ ਤਾਇਆ ਬਰਦਾਸ਼ਤ ਕਰ ਗਿਆ ਪਰ ਇੱਕ ਬੰਦੇ ਨੇ ਤਾਂ ਕਮਾਲ ਹੀ ਕਰ ਦਿੱਤੀ। ਪਹਿਲਾਂ ਤਾਂ ਖੁਦ ਜੇਬ ਭਰ ਲਈ ਤੇ ਫਿਰ ਘਰ ਜਾ ਕੇ ਆਪਣੇ ਤਿੰਨ ਚਾਰ ਜਵਾਕ ਲੈ ਆਇਆ ਜਿੰਨ੍ਹਾਂ ਨੇ ਮੂੰਗਫਲੀ ਲਿਫਾਫਿਆਂ ਵਿੱਚ ਭਰਨੀ ਸ਼ੁਰੂ ਕਰ ਦਿੱਤੀ। ਤਾਇਆ ਜਾਣਦਾ ਸੀ ਕਿ ਇਸ ਬੰਦੇ ਦੀ ਬਜ਼ਾਰ ਵਿੱਚ ਹਲਵਾਈ ਦੀ ਦੁਕਾਨ ਹੈ ਤੇ ਇਹ ਠੋਕ ਕੇ ਰੇਟ ਲਾਉਂਦਾ ਹੈ। ਲਿਫਾਫੇ ਵੇਖ ਕੇ ਤਾਏ ਦੇ ਸਬਰ ਦਾ ਪਿਆਲਾ ਉੱਛਲ ਗਿਆ ਤੇ ਉਹ ਉਸ ਦੇ ਪਿੱਛੇ ਪੈ ਗਿਆ। ਪਹਿਲਾਂ ਤਾਂ ਉਸ ਨੇ ਲਿਫਾਫੇ ਖੋਹ ਕੇ ਢੇਰੀ 'ਤੇ ਉਲੱਦ ਦਿੱਤੇ ਤੇ ਫਿਰ ਉਸ ਦੀ ਲਾਹ ਪਾਹ ਕਰ ਦਿੱਤੀ। ਹਲਵਾਈ ਅੱਗੋਂ ਢਿੱਲਾ ਜਿਹਾ ਪੈ ਕੇ ਕਹਿਣ ਲੱਗਾ, "ਸਰਦਾਰ ਜੀ ਐਨੀ ਵੱਡੀ ਗੱਲ ਤਾਂ ਕੋਈ ਨਈਂ ਸੀ। ਬੱਸ ਬੱਚਿਆਂ ਦਾ ਮਨ ਜਿਹਾ ਕਰ ਆਇਆ ਸੀ ਮੂੰਗਫਲੀ ਖਾਣ ਲਈ।" ਤਾਏ ਨੇ ਠੋਕ ਕੇ ਜਵਾਬ ਦਿੱਤਾ, "ਸੇਠ ਸਾਹਿਬ, ਜਦੋਂ ਸਾਡੇ ਬੱਚੇ ਧਾਡੀਆਂ ਦੁਕਾਨਾਂ ਅੱਗੋਂ ਲੰਘਦੇ ਆ ਨਾ, ਉਨ੍ਹਾਂ ਦਾ ਵੀ ਬਹੁਤ ਦਿਲ ਕਰਦਾ ਆ ਸਮਾਨ ਲੈਣ ਲਈ। ਫਿਰ ਅਸੀਂ ਵੀ ਫਰੀ ਮਠਿਆਈਆਂ ਚੁੱਕ ਕੇ ਲੈ ਜਾਇਆ ਕਰੀਏ? ਸਾਡੀ ਢੇਰੀ ਤਾਂ ਤੁਸੀਂ ਮੁਫਤ ਦਾ ਮਾਲ ਸਮਝ ਕੇ ਲਿਫਾਫੇ ਭਰੀ ਜਾਂਦੇ ਉ, ਕਿਸੇ ਰੇਹੜੀ ਤੋਂ ਮੂੰਗਫਲੀ ਦੀ ਇੱਕ ਗੰਢੀ ਚੁੱਕ ਕੇ ਤਾਂ ਵਿਖਾਉ।"



ਭਾਗ-27

# ਤਸਵੀਰ ਜ਼ਿੰਦਗੀ ਦੀ...

ਬਘੇਲ ਸਿੰਘ ਗੱਡੀਆਂ ਦੀਆ ਲਾਇਨਾਂ ਦੇਖ ਕੇ ਹੀ ਘਬਰਾ ਜਾਂਦਾ ਹੈ।

"ਬਿੱਲੂ ਆ ਇੰਨੀ ਭੀੜ ਕਿਵੇਂ ਪਹਿਲਾਂ ਹੀ ਜਮ੍ਹਾਂ ਹੋਈ ਪਈ ਹੈ।"

"ਦੇਖਣ ਆਏ ਹੋਣੇ ਨੇ ,ਨਾਲੇ ਸਾਡੇ ਸਰਦਾਰ ਹੂਰਾਂ ਦੀ ਦਹਿਸ਼ਤ ਕਿਹੜਾ ਘੱਟ ਹੈ। "

"ਪਰ ਬਿੱਲੂ ਤੇਰਾ ਸੰਧੂ ਨਹੀਂ ਪਹੁੰਚਿਆ.... !"

"ਆਉਂਦਾ ਹੀ ਹੋਣਾ ਹੈ ਜੀ....... !"

"ਕਿੱਧਰ ਮੂੰਹ ਚੁੱਕਿਆ ਹੈ ਉਏ.... ਨਾਲੇ ਤੁਹਾਡੇ ਵਿੱਚੋਂ ਬਘੇਲਾ ਬਦਮਾਸ਼ ਕਿਹੜਾ ਹੈ.....?"

(ਕਰਮਵੀਰਪਾਲ ਸਿੰਘ ਪੁੱਛਦਾ ਹੈ)

"ਧਿਆਨ ਨਾਲ ਬੋਲੋ ਜੀ ਸਰਦਾਰ ਬਘੇਲ ਸਿੰਘ... ਨਾਲੇ ਤੁਸੀਂ ਕੌਣ ਹੋ ਜੀ ਤੇ ਇੱਥੇ ਕੀ ਕਰ ਰਹੇ ਹੋ? "

"ਦੱਸ ਉਏ ਕਾਕਾ ਇਹਨਾਂ ਨੂੰ ਮੇਰੇ ਬਾਰੇ 'ਚ.... !"

"ਇਹ ਸਾਡੇ ਸਰਦਾਰ ਕਰਮਵੀਰਪਾਲ ਸਿੰਘ ਬਰਾੜ ਹਨ ਤੇ ਅੱਜ ਅਸੀਂ ਇੱਥੇ ਤੁਹਾਨੂੰ ਹੀ ਮਿਲਣ ਆਏ ਹਾਂ।"

"ਸਾਨੂੰ ਕਿਉਂ....... ਅਸੀਂ ਤਾਂ ਤੁਹਾਨੂੰ ਜਾਣਦੇ ਵੀ ਨਹੀਂ।"

"ਕੋਈ ਗੱਲ ਨਹੀਂ ਛੇਤੀ ਹੀ ਜਾਣ ਵੀ ਜਾਵੋਂਗੇ। "

(ਇੱਕ ਮੁੰਡਾ ਰਾਇਫ਼ਲ ਮੋਢੇ ਤੋਂ ਉਤਾਰਦਾ ਬੋਲਿਆ)

ਬਿੱਲੂ ਡਰਦਾ ਪਿੱਛੇ ਹੱਟ ਗਿਆ।

" ਹਾਂ ਹੁਣ ਦੱਸੋ, ਜਿਸਨੇ ਕਬਜ਼ਾ ਕਰਨਾ ਹੈ ਪੈਲੀ ਉੱਤੇ ਆ ਜਾਵੇ ਬਾਕੀ ਪਿੱਛੇ ਹੱਟ ਜਾਵੋ ......ਐਵੇਂ ਕਿਤੇ ਕੋਈ ਗਲਤ ਬੰਦਾ ਨਾ ਮਾਰਿਆ ਜਾਵੇ ਸਾਡੇ ਹੱਥੋਂ.........!"

(ਮੁੱਛਾਂ ਉੱਤੇ ਹੱਥ ਫੇਰਦੇ ਬਰਾੜ ਸਾਹਿਬ ਬੋਲੇ)

"ਆ ਜਾਣ ਦਿਓ ਥਾਣੇਦਾਰ ਸਾਹਿਬ ਨੂੰ ਫੇਰ ਦੇਖ ਲੈਂਦੇ ਹਾਂ... ! "

(ਬਿੱਲੂ ਡਰਦਾ -ਡਰਦਾ ਬੋਲਿਆ)

"ਲੈ ਉਏ ਆ ਗਿਆ ਤੇਰਾ ਥਾਣੇਦਾਰ ਵੀ,ਹੁਣ ਬੋਲੋ ਕਿਹੜਾ ਅੱਗੇ ਆਉਂਦਾ ਹੈ ਤੇ ਗਲੇ ਲਗਾਉਂਦਾ ਹੈ ਆਪਣੀ ਮੌਤ ਨੂੰ.... ਦੇਖ ਉਏ ਨਾਜਰਾ ਜਿਹੜਾ ਵੀ ਵੱਟ ਟੱਪ ਆਇਆ ਉਹ ਜਿਉਂਦਾ ਮੁੜਨਾ ਨਹੀਂ ਚਾਹੀਦਾ.... ਜੇ ਕਿਤੇ ਮੁੜ ਗਿਆ ਤਾਂ ਤੂੰ ਸਮਝ ਲਈ ਅੱਜ ਤੇਰਾ ਵੀ ਆਖਰੀ ਦਿਨ ਹੈ ਇਸ ਦੁਨੀਆਂ ਉੱਤੇ...... !"

ਕਰਮਵੀਰਪਾਲ ਬਰਾੜ ਦੇ ਐਨੀ ਗੱਲ ਕਹਿਣ ਦੀ ਦੇਰ ਹੀ ਸੀ ਕਿ ਨਾਜਰ ਤੇ ਉਸਦੇ ਸਾਥੀਆਂ ਨੇ ਹਵਾ ਵਿੱਚ ਕਈ ਫਾਇਰ ਕੱਢ ਦਿੱਤੇ।

ਬਘੇਲ ਸਿੰਘ ਦੇ ਬੰਦੇ ਸਣੇ ਬਿੱਲੂ ਉੱਥੇ ਹੀ ਗੱਡੀਆਂ ਛੱਡ ਭੱਜ ਗਏ। ਖੜਾ ਰਹਿ ਗਿਆ ਇਕੱਲਾ ਹੀ ਬਘੇਲ ਸਿੰਘ।

"ਤੂੰ ਮੈਨੂੰ ਬਘੇਲਾ ਬਦਮਾਸ਼ ਲੱਗਦਾ ਹੈ.... ! "ਨਾਜਰ ਨੇ ਰਾਇਫਲ ਬਘੇਲ ਸਿੰਘ ਵੱਲ ਕਰਕੇ ਪੁੱਛਿਆ।

(ਥਾਣੇਦਾਰ ਨੂੰ ਗੱਡੀ ਵਿੱਚੋਂ ਉੱਤਰਦੇ ਆਉਂਦੇ ਵੇਖ ਬਘੇਲ ਸਿੰਘ ਬੋਲਿਆ)

"ਹਾਂ ਮੈਂ ਹੀ ਬਘੇਲ ਸਿੰਘ ਹਾਂ..... ਆ ਵੇਖੋ ਸੰਧੂ ਸਾਹਿਬ ਕੀ ਕਰ ਰਹੇ ਹਨ ਆਪਣੇ ਨਾਲ....?"

"ਆਪਣੇ ਨਾਲ ਨਹੀਂ ਬਘੇਲ ਸਿੰਘ ਤੇਰੇ ਨਾਲ... ਨਾਲੇ ਜੇ ਤੂੰ ਕਿਸੇ ਦੇ ਘਰ ਉੱਤੇ ਜਬਰਦਸਤੀ ਕਬਜ਼ਾ ਕਰੇਗਾ ਤਾਂ ਉਹ ਤੇਰੀਆਂ ਨਾਸਾਂ ਤਾਂ ਭੰਨਣਗੇ ਹੀ,ਮੈ ਕੀ ਵੇਖ ਲਵਾਂ।"

"ਭੁਪਿੰਦਰਾ ਤੂੰ ਬਦਲ ਗਿਆ ਹੈ..... ਤੂੰ ਦੁਸ਼ਮਣਾਂ ਨਾਲ ਮਿਲ ਗਿਆ ਹੈ।"

"ਢੰਗ ਨਾਲ ਬੋਲ ਉਏ,ਤੂੰ ਆਪਣੇ ਬਾਰੇ ਸੋਚ ਗਲੀ ਦਾ ਨਿੱਕਾ ਜਿਹਾ ਗੁੰਡਾ ਤੇ ਮੈਨੂੰ ਮੇਰੇ ਨਾਂ ਨਾਲ ਬੁਲਾਵੇਂਗਾ..... ਫੜੋ ਉਏ ਬਘੇਲੇ ਨੂੰ ਤੇ ਕਰੋ ਅੰਦਰ, ਸ਼ਹਿਰ ਵਿੱਚ ਵੀ ਬਹੁਤ ਗੰਦ ਪਾਇਆ ਹੋਇਆ ਹੈ ਇਹਨਾਂ ਨੇ...... !"

"ਹਾਂ ਜੀ ਸਰਦਾਰ ਜੀ ਕੀ ਕਹਿੰਦੇ ਹੋ ਕੀ ਕਰਨਾ ਹੈ ਇਸ ਬਘੇਲੇ ਨਾਲ...... !"

"ਤੁਸੀਂ ਕੋਈ ਅਜਿਹਾ ਕੇਸ ਬਣਾਉ ਕੇ ਦਸ ਸਾਲ ਪੰਦਰ੍ਹਾਂ ਸਾਲਾਂ ਤੱਕ ਤਾਂ ਬਾਹਰ ਨਾ ਆ ਸਕੇ , ਉੱਤੇ ਮੈਂ ਆਪੇ ਗੱਲ ਕਰ ਲਵਾਂਗਾ।"



"ਠੀਕ ਹੈ ਬਰਾੜ ਸਾਹਿਬ, ਚੱਲ ਉਏ ਵੱਡਿਆਂ ਬਦਮਾਸ਼ਾਂ ਬੈਠ ਗੱਡੀ ਵਿੱਚ।"

"ਤੁਸੀਂ ਚੰਗਾ ਨਹੀਂ ਕੀਤਾ ਜੀ.... ਸ਼ੇਰ ਦੇ ਮੂੰਹ ਵਿੱਚੋਂ ਸ਼ਿਕਾਰ ਖੋਹ ਕੇ... !"ਬਘੇਲ ਸਿੰਘ ਕਰਮਵੀਰਪਾਲ ਵੇਖ ਕੇ ਬੋਲਦਾ ਹੈ।

"ਸ਼ੇਰ ਤਾਂ ਆ ਖੜੇ ਹਨ ਜਿਹਨਾਂ ਦੀ ਇੱਕ ਗਰਜ ਸੁਣਦੇ ਹੀ ਤੇਰੇ ਗਿੱਦੜ ਦੀ ਫੌਜ ਭੱਜ ਗਈ ..... ਜੇ ਅਜੇ ਵੀ ਮਨ ਵਿੱਚ ਕੋਈ ਅਰਮਾਨ ਰਹਿ ਗਿਆ ਹੈ ਤਾਂ ਦੱਸਦੇ ਉਹ ਵੀ ਪੂਰਾ ਕਰ ਦਿੰਦੇ ਹਾਂ ।"

"ਪਰ.....ਪਰ ਸਰਦਾਰ ਜੀ ਮੇਰਾ ਕਰੋੜਾਂ ਦਾ ਨੁਕਸਾਨ ਹੋ ਗਿਆ ਹੈ ਉਹ ਕੌਣ ਭਰੇਗਾ? "

(ਮਿੰਟਾਂ ਵਿੱਚ ਹੀ ਬਦਲ ਗਿਆ ਬਘੇਲ ਸਿੰਘ)

"ਨੁਕਸਾਨ ਤਾਂ ਤੂੰ ਕਰ ਰਿਹਾ ਹੈ ਜਵਾਨੀਆਂ ਦਾ ਜੋ ਕਦੇ ਪੂਰਾ ਹੋਣਾ ਹੀ ਮਾਵਾਂ ਦੇ ਪੁੱਤ ਬਿਨਾਂ ਮੌਤ ਤੋਂ ਮਾਰ ਰਿਹਾ ਹੈ, ਅੱਜ ਤੋਂ ਬਾਅਦ ਸਾਡੀ ਪੈਲੀ ਦੀ ਗੱਲ ਤਾਂ ਦੂਰ ਦੀ ਹੈ ਜੇ ਮੈਂ ਪਿੰਡ ਵਿੱਚ ਵੀ ਵੇਖ ਲਿਆ ਤੈਨੂੰ ਤਾਂ ਬਸ ਸਮਝੀ ਉਹ ਤੇਰਾ ਅਖੀਰਲਾ ਦਿਨ ਹੀ ਹੋਵੇਗਾ........ ਸੰਧੂ ਸਾਹਿਬ ਲੈ ਜਾਉ ਬਘੇਲੇ ਬਦਮਾਸ਼ ਨੂੰ।"

(ਭੁਪਿੰਦਰ ਬਘੇਲ ਨੂੰ ਗਰਿਫ਼ਤਾਰ ਕਰ ਕੇ ਲੈ ਜਾਂਦਾ ਹੈ)

"ਨਾਜਰਾ ਤੂੰ ਵੀ ਬੰਦੇ ਲੈ ਕੇ ਪਿੰਡ ਵਾਪਸ ਜਾਹ ਤੇ ਛੋਟੇ ਸਰਦਾਰ ਨੂੰ ਦੱਸ ਦੇਵੀਂ ਕੇ ਸਭ ਠੀਕ ਠਾਕ ਹੈ ,ਕੋਈ ਵੀ ਫ਼ਿਕਰ ਨਾ ਕਰੇ ਮੈਂ ਭੈਣ ਜੀ ਨੂੰ ਮਿਲ ਕੇ ਸ਼ਾਮ ਤੱਕ ਵਾਪਸ ਆਉਂਦਾ ਹਾਂ।"

(ਨਾਜਰ ਵੀ ਆਪਣੇ ਬੰਦੇ ਲੈ ਕੇ ਚਲਾ ਜਾਂਦਾ ਹੈ)

ਵੀਰਪਾਲ ਬਰਾੜ ਦੇ ਘਰੇ ਵੜਦੇ ਹੀ ਪੁੱਛਦੀ ਹੈ,"ਸਭ ਕੁਝ ਠੀਕ ਹੋ ਗਿਆ ਵੀਰ ਜੀ.... ਕੋਈ ਪਰੇਸ਼ਾਨੀ ਤਾਂ ਨਹੀਂ ਆਈ।"

" ਨਹੀਂ ਭੈਣ ਜੀ ਮੈਂ ਤੁਹਾਨੂੰ ਪਹਿਲਾਂ ਹੀ ਕਿਹਾ ਸੀ ਤੁਸੀਂ ਬਿਲਕੁਲ ਪਰੇਸ਼ਾਨ ਨਹੀਂ ਹੋਣਾ। ਵਾਢੀ ਵੀ ਮੈਂ ਆਪਣੇ ਬੰਦੇ ਭੇਜਕੇ ਕਰਵਾ ਦੇਣੀ ਹੈ।"

"ਤੁਹਾਡਾ ਬਹੁਤ- ਬਹੁਤ ਧੰਨਵਾਦ ਸਰਦਾਰ ਸਾਹਿਬ ਸੀਤੋ ....ਕਰਮਵੀਰਪਾਲ ਨੂੰ ਕਹਿਣ ਲੱਗੀ..... ਨਾ ਬੇਬੇ ਮੈਨੂੰ ਸਰਦਾਰ ਕਹਿ ਕੇ ਤੂੰ ਬੇਗਾਨਾ ਨਾ ਕਰ, ਮੈਂ ਤਾਂ ਤੇਰਾ ਪੁੱਤਰ ਕਰਮ ਹਾਂ ਤੇ ਜੋ ਕੁਝ ਮੈਂ ਕੀਤਾ ਹੈ ਉਹ ਮੇਰਾ ਫਰਜ ਬਣਦਾ ਹੈ।"

"ਜਿਉਂਦਾ ਰਹਿ ਪੁੱਤ ਜਿਉਂਦਾ ਰਹਿ, ਤੇਰੇ ਵਰਗੇ ਪੁੱਤ ਤਾਂ ਘਰ -ਘਰ ਜੰਮਣ... ਵਾਹਿਗੁਰੂ ਲੰਮੀਆਂ ਉਮਰਾਂ ਬਖਸ਼ੇ...... ਸਾਡੇ ਵਾਸਤੇ ਤਾਂ ਤੂੰ ਪੁੱਤ ਰੱਬ ਬਣਕੇ ਹੀ ਆਇਆ ਹੈ।"

"ਨਾ ਬੇਬੇ ਨਾ ਮੈਨੂੰ ਬੰਦਾ ਹੀ ਰਹਿਣ ਦੇ,ਇਹ ਸਾਰਾ ਮੇਰਾ ਆਪਣਾ ਹੀ ਤਾਂ ਕੰਮ ਸੀ... ਮੈਂ ਤਾਂ ਧੱਕਾ ਕਿਤੇ ਸੱਤ ਬੇਗਾਨਿਆਂ ਨਾਲ ਨਹੀਂ ਹੋਣ ਦਿੱਤਾ ਇਹ ਤਾਂ ਮੇਰਾ ਆਪਣਾ ਘਰ ਹੈਂ। ਇੱਥੇ ਕਿਵੇਂ ਧੱਕਾ ਹੋਣ ਦਿੰਦਾ।"

" ਚਲੋ ਆ ਤਾਂ ਸਭ ਠੀਕ ਹੋ ਗਿਆ ਹੈ ਹੁਣ ਆਪਾਂ ਨੂੰ ਨਾਨਕ ਦੀ ਤਲਾਸ਼ ਕਰਨੀ ਚਾਹੀਦੀ ਹੈ......... ਮੇਰੇ ਕਹਿਣ ਤੇ ਇੱਕ ਵਾਰ ਫੇਰ ਸਾਰੇ ਰਿਸ਼ਤੇਦਾਰਾਂ ਨੂੰ ਫੋਨ ਕਰਕੇ ਪਤਾ ਕਰੋ ਜੇ ਕੁਝ ਪਤਾ ਲੱਗ ਜਾਵੇ ......ਨਹੀਂ ਤਾਂ ਕੁਝ ਹੋਰ ਕਰਦੇ ਹਾਂ।"

" ਠੀਕ ਹੈ ਵੀਰ ਜੀ ਇੱਕ ਵਾਰ ਫੇਰ ਫੋਨ ਕਰਕੇ ਦੇਖ ਲੈਂਦੇਂ ਹਾਂ.. ਹੋ ਸਕਦਾ ਹੈ ਪੈਸੇ ਮੁੱਕਣ ਦੇ ਬਾਅਦ ਕਿਸੇ ਰਿਸ਼ਤੇਦਾਰ ਦੇ ਕੋਲ ਹੀ ਚਲਾ ਗਿਆ ਹੋਵੇ।"

"ਬਿਲਕੁਲ ਠੀਕ...... ਜੇ ਕੁਝ ਪਤਾ ਲੱਗ ਜਾਵੇ ਤਾਂ ਮੈਨੂੰ ਵੀ ਫੋਨ ਕਰਕੇ ਦੱਸ ਦੇਣਾ ਨਹੀਂ ਤਾਂ ਕੱਲ੍ਹ ਨੂੰ ਥਾਣੇ ਵਿੱਚ ਗੁੰਮਸ਼ੁਦਾ ਦੀ ਰਿਪੋਰਟ ਲਿਖਵਾ ਦਿੰਦੇ ਹਾਂ.....ਕਿਤੇ ਕੋਈ ਹੋਰ ਪਰੇਸ਼ਾਨੀ ਨਾ ਆ ਜਾਵੇ।"

"ਚੰਗਾ ਫੇਰ ਭੈਣ ਜੀ ਮੈਂ ਚੱਲਦਾ ਹਾਂ ਸਤਿ ਸ੍ਰੀ ਅਕਾਲ ਬੇਬੇ।"

"ਸਤਿ ਸ੍ਰੀ ਅਕਾਲ ਪੁੱਤ, ਵਾਹਿਗੁਰੂ ਤੈਨੂੰ ਸਦਾ ਜਿਉਂਦਾ ਵੱਸਦਾ ਰੱਖੇ...... !

ਚੱਲਦਾ....



ਸੰਦੀਪ ਦਿਉੜਾ
8437556667

# 2025 ਦੀ ਦਹਿਲੀਜ਼ 'ਤੇ ਖੜ੍ਹਕੇ ਕੁੱਝ ਗੱਲਾਂ



ਅੱਜ ਈਸਵੀ ਸੰਮਤ ਦੇ 2024 ਦਾ ਸਾਲ ਆਖਰੀ ਦਿਨ ਭਾਵ 31 ਦਸੰਬਰ ਹੈ, ਕੱਲ੍ਹ ਸੁਬ੍ਹਾ 2025 ਦਾ ਪਹਿਲਾ ਦਿਨ ਹੋਵੇਗਾ । ਇਸ ਹਿਸਾਬ ਨਾਲ, ਇਸ ਵਕਤ ਪੂਰੀ ਦੁਨੀਆ 2025 ਦੀ ਦਹਿਲੀਜ ਉੱਤੇ ਖੜ੍ਹਕੇ, ਸਾਲ 2024 ਨੂੰ ਅਲਵਿਦਾ ਕਹਿ ਰਹੀ ਹੈ, ਜਿਸ ਦਾ ਸਿੱਧਾ ਅਰਥ ਇਹ ਬਣਦਾ ਹੈ ਕਿ ਸਾਡੀ ਸਭਨਾ ਦੀ ਜਿੰਦਗੀ ਵਿਚੋਂ ਇਕ ਸਾਲ ਹੋਰ ਘਟਣ ਜਾ ਰਿਹਾ ਹੈ। ਇਸ ਪ੍ਰਕਾਰ ਅਸੀਂ ਹਰ 12 ਮਹੀਨੇ ਬਾਅਦ, ਬਦਲ ਰਹੇ ਸਾਲਾਂ ਦੀ ਗਿਣਤੀ ਮਿਣਤੀ ਦੇ ਚੱਕਰਵਿਊ ਵਿਚ ਫਸਕੇ, ਆਪਣੇ ਜਿੰਦਗੀ ਦੇ ਅੰਤਿਮ ਸਮੇਂ ਵੱਲ ਨਿਰੰਤਰ ਵਧਦੇ ਹੋਏ ਨੇੜੇ ਹੋਰ ਨੇੜੇ ਹੁੰਦੇ ਜਾ ਰਹੇ ਹਾਂ, ਪਰ ਸਾਡੀ ਆਪਣੀ ਹੋਣੀ ਦੇਖੋ ਕਿ ਸਮੇਂ ਦੇ ਇਸ ਬੇਰੋਕ ਕੁਦਰਤੀ ਪਰਵਾਹ ਤੋਂ ਬੇਮੁੱਖ ਹੋ ਕੇ ਚੇਤਨ / ਆਚੇਤਨ ਇਸ ਘਟਨਾ ਕ੍ਰਮ ਦੇ ਜਸ਼ਨ ਵੀ ਮਨਾ ਰਹੇ ਹਾਂ।

ਖੈਰ! ਇਹ ਸਿਲਸਿਲਾ ਚਲਦਾ ਆਇਆ ਹੈ ਤੇ ਇਸੇ ਤਰਾਂ ਚਲਦਾ ਰਹੇਗਾ, ਸਮਾ ਚਲਦਾ ਰਹੇਗਾ, ਸਾਲ ਬਦਲਦੇ ਰਹਿਣਗੇ, ਸੂਰਜ ਚੜ੍ਹਦਾ ਡੁੱਬਦਾ ਰਹੇਗਾ ਤੇ ਉਪਜਣ, ਵਿਗਸਣ ਤੇ ਬਿਨਸਣ ਦੀ ਪ੍ਰਕਿਰਿਆ ਕੁਦਰਤ ਦੇ ਨਿਯਮ ਮੁਤਾਬਿਕ ਚਲਦੀ ਰਹੇਗੀ ।

ਉਂਜ ਜੇਕਰ ਦੇਖਿਆ ਜਾਵੇ ਤਾਂ ਸਾਡੀ ਜਿੰਦਗੀ ਦਾ ਹਰ ਪਲ ਬੇਸਕੀਮਤੀ ਹੈ, ਜਿਸਦੀ ਸਾਨੂੰ ਹਮੇਸ਼ਾ ਕਦਰ ਕਰਨੀ ਚਾਹੀਦੀ ਹੈ, ਪਰ ਹੁੰਦਾ ਅਕਸਰ ਇਹ ਹੈ ਕਿ ਅਸੀਂ ਆਪਣੀ ਇੱਛਾ ਮੁਤਾਬਿਕ ਜਿੰਦਗੀ ਦੇ ਕੁੱਝ ਪਲਾਂ ਨੂੰ ਖਾਸ ਜਾਂ ਆਮ ਮੰਨਕੇ ਚਲਦੇ ਹਾਂ, ਬਹੁਤਾ ਸਮਾਂ ਅਸੀਂ ਜਿੰਦਗੀ ਦੇ ਅਨਮੋਲ ਪਲਾਂ ਦੀ ਖਿੱਲੀ ਹੀ ਉਡਾਉਂਦੇ ਹਾਂ ਜਾਂ ਇੰਜ ਕਹਿ ਲਓ ਕਿ ਬਿਲਕੁਲ ਵੀ ਪਰਵਾਹ ਹੀ ਨਹੀਂ ਕਰਦੇ। ਉਦਾਹਰਣ ਵਜੋਂ, 31 ਦਸੰਬਰ ਤੇ 1 ਜਨਵਰੀ ਦੋਵੇ ਦਿਨ ਵੀ ਸਾਲ ਦੇ ਬਾਕੀ ਦਿਨਾਂ ਵਰਗੇ ਹੀ ਹੁੰਦੇ ਹਨ, ਇਹਨਾਂ ਦੋਹਾਂ ਦਿਨਾਂ ਦੌਰਾਨ ਵੀ ਸੂਰਜ, ਚੰਦ, ਸਿਤਾਰੇ ਤੇ ਬਾਕੀ ਗ੍ਰਹਿ ਕੁਦਰਤ ਦੇ ਨੇਮ ਮੁਤਾਬਿਕ ਪਹਿਲਾਂ ਵਾਂਗ ਹੀ ਵਿਚਰਦੇ ਹਨ ਭਾਵ ਇਹਨਾਂ ਦੀ ਰਫਤਾਰ ਵਿਚ ਕੋਈ ਖਾਸ ਤਬਦੀਲੀ ਨਹੀਂ ਆਉਂਦੀ, ਪਰ ਮਨੁੱਖ ਕਾਲ ਨਾਲ ਬੱਧਾ ਹੋਣ ਕਰਕੇ, ਇਹਨਾਂ ਦਿਨਾਂ ਦੌਰਾਨ ਆਪਣੇ ਅੰਦਰ ਕੋਈ ਖਾਸ ਤਬਦੀਲੀ ਦਾ ਅਹਿਸਾਸ ਜਰੂਰ ਮਹਿਸੂਸ ਕਰਦਾ ਹੈ। ਇਹ ਵੀ ਸੱਚ ਹੈ ਕਿ ਇਹ ਤਬਦੀਲੀ ਬਾਹਰੀ ਹੋਣ ਦੀ ਬਜਾਏ ਅੰਦਰੂਨੀ ਹੁੰਦੀ ਹੈ ।

ਪੁਰਾਣੇ ਨੂੰ ਵਿਦਾ ਕਹਿਕੇ, ਨਵੇਂ ਸਾਲ ਵਿਚ ਪਰਵੇਸ਼ ਕਰਨ ਤੋਂ ਬਾਅਦ ਸਾਡੇ ਵਿਚੋਂ ਬਹੁਗਿਣਤੀ ਲੋਕ, ਪਲਾਂ ਵਿਚ ਹੀ ਆਪਣੇ ਨਿੱਤ ਦੇ ਵਰਤਾਰੇ ਵਿਚ ਰੁੱਝ ਜਾਂਦੇ ਹਨ, ਕੋਈ ਸੋਚ ਵਿਚ ਤਬਦੀਲੀ ਨਹੀਂ ਤੇ ਨਾ ਹੀ ਵਿਵਹਾਰ ਵਿਚ, ਦੋਸਤੀਆਂ, ਰਿਸ਼ਤੇ, ਕੰਮ ਧੰਦੇ ਤੇ ਦੇਣਦਾਰੀਆਂ ਵੀ ਓਹੀ ਪਹਿਲਾਂ ਵਾਲੀਆਂ, ਪਰੈਕਟੀਕਲੀ ਮੁੜ ਤੋਂ ਓਹੀ ਕੋਹਲੂ ਦਾ ਗੇੜ ਜਾਂ ਕਹਿ ਲਓ ਕਿ ਖੋਤੀ ਬੋਹੜ ਹੇਠ ਆ ਜਾਂਦੀ ਹੈ । ਜਿਹੜੀ ਗੱਲ ਸਮਝੋ ਪਰੇ ਦੀ ਹੈ, ਉਹ ਇਹ ਕਿ ਏਡਾ ਵੱਡਾ ਪਰਪੰਚ ਰਚਣ ਤੋਂ ਬਾਅਦ ਵੀ ਜੇਕਰ ਕੁੱਝ ਨਵਾਂ ਨਹੀਂ ਰਚਿਆ ਜਾਂ ਵਾਪਰਿਆ ਤਾਂ ਫਿਰ ਪਹਿਲਾ ਸਾਲ ਪੁਰਾਣਾ ਕਿਵੇਂ ਤੇ ਕੈਲੰਡਰ ਬਦਲ ਜਾਣ ਤੋਂ ਬਾਅਦ ਕਥਿਤ ਨਵਾਂ ਸਾਲ ਫਿਰ ਨਵਾਂ ਕਿਵੇਂ ਹੋਇਆ ? ਬਦਲਿਆ ਤਾਂ ਸਿਰਫ ਦਿਨ ਹੈ ਤੇ ਉਹ ਜੀਵਨ ਰਹਿੰਦੇ ਹਰ ਚੌਵੀ ਘੰਟੇ ਬਾਅਦ ਬਦਲਦਾ ਹੀ ਰਹਿੰਦਾ ਹੈ, ਕੁਦਰਤ ਦਾ ਇਹ ਵਰਤਾਰਾ ਬਦਲਾਵ ਦੇ ਨਿਯਮ ਮੁਤਾਬਿਕ, ਜੁੱਗਾਂ ਜੁੱਗਾਂਤਰਾ ਤੋਂ ਅਰੋਕ ਚਲਦਾ ਆਇਆ ਹੈ ਤੇ ਚਲਦਾ ਰਹੇਗਾ ਵੀ, ਇਸ ਕੁਦਰਤੀ ਵਰਤਾਰੇ ਵਿਚ ਹਮੇਸ਼ਾ ਰਵਾਨਗੀ ਅਤੇ ਨਵਾਂਪਨ ਹੈ ਤੇ ਰਹੇਗਾ ਵੀ, ਜੋ ਸਾਡੀ ਸਮਝ ਤੋਂ ਉੱਨਾ ਚਿਰ ਬਾਹਰ ਰਹੇਗਾ ਜਿੰਨਾ ਚਿਰ ਅਸੀਂ ਇਸ ਵਰਤਾਰੇ ਨੂੰ ਸਿਰਫ ਯਾਂਤਰਿਕ ਸਮਝਣ ਤੱਕ ਸੀਮਤ ਰਹਾਂਗੇ ।

ਜਦੋਂ ਅਸੀਂ ਇਸ ਕੁਦਰਤੀ ਵਰਤਾਰੇ ਦੀ ਅਸਲ ਰਮਝ ਨੂੰ ਸਮਝ ਲਵਾਂਗੇ ਤਾਂ ਸ਼ਾਡੇ ਅੰਦਰ ਸਹੀ ਰੂਪ ਵਿਚ ਨਵੇਂਪਨ ਨੂੰ ਸਮਝਣ ਦਾ ਅਹਿਸਾਸ ਪੈਦਾ ਹੋਵੇਗਾ. ਹਰ ਰੋਜ ਹੀ ਨਹੀਂ ਬਲਕਿ ਹਰ ਪਲ ਸਾਡੀ ਸੋਚ ਅੰਦਰ ਨਵੀਂ ਧਾਰਾ ਦਾ ਚਸ਼ਮਾ ਫੁੱਟੇਗਾ ਤੇ ਉਸ ਦੀ ਧਾਰਾ ਰਵਾਰਵ ਵਹੇਗੀ ਜੋ ਸਾਨੂੰ ਇਸ ਸੰਸਾਰ ਵਿਚ ਨਵਾਂ ਸਿਰਜਣ ਦੀ ਸੋਧ ਵੀ ਦੇਵੇਗੀ ਤੇ ਸ਼ਕਤੀ ਵੀ । ਫਿਰ ਆਪਣੀ ਸਹੂਲਤ ਦੁਆਰਾ ਕੀਤੀ ਗਈ ਸਮੇਂ ਦੀ ਵੰਡ ਸਾਡੇ ਅੰਦਰੋਂ ਮਨਫੀ ਹੋ ਜਾਵੇਗੀ ਤੇ ਰਵਾ ਰਵੀਂ ਚਲਦੀ ਹੋਈ ਜਿੰਦਗੀ ਨਵੇਂ ਮੀਨਾਰੇ ਸਿਰਜਣ ਲੱਗੇਗੀ ।

ਸਾਲਾਂ ਦੀ ਇਸ ਆਮਦ ਜਾਮਦ ਦੇ ਇਸ ਪੰਧ ਉੱਤੇ ਜੇਕਰ ਅਸੀਂ ਸਿਰਫ ਜਸ਼ਨ ਹੀ ਮਨਾਉਂਦੇ ਹਾਂ ਤਾਂ ਉਹਨਾਂ ਦੀ ਬਿਲਕੁਲ ਵੀ ਕੋਈ ਸਾਰਥਿਕਤਾ ਨਹੀਂ । ਹਾਂ, ਜੇਕਰ ਇਸ ਮੁਕਾਮ ਉੱਤੇ ਪਹੁੰਚ ਕੇ ਅਸੀਂ ਆਪਣੇ ਜੀਵਨ ਦੇ ਮਨਫੀ ਹੋ ਰਹੇ ਸਾਲ ਦੇ ਪਿਛਲੇ 12 ਮਹੀਨਿਆਂ ਦਾ ਮੁਲਾਂਕਣ ਕਰਦੇ ਹਾਂ , ਕੀ ਖੱਟਿਆ ਤੇ ਕੀ ਗਵਾਇਆ ਦੀ ਪੁਣ ਛਾਣ ਕਰਨ ਦੇ ਨਾਲ ਨਾਲ ਆਪਣੀਆਂ ਗਲਤੀਆਂ ਦੀ ਨਿਸ਼ਾਨ ਦੇਹੀ ਕਰਕੇ ਭਵਿੱਖ ਵਿਚ ਉਹਨਾਂ ਨੂੰ ਸੋਧਣ ਅਤੇ ਮੁੜ ਤੋਂ ਨਾ ਦੁਹਰਾਉਣ ਦਾ ਪ੍ਰਣ ਲੈਂਦੇ ਹਾਂ, ਤਾਂ ਮਨੁੱਖ ਵਲੋਂ ਆਪਣੀ ਸਹੂਲਤ ਵਾਸਤੇ ਕੀਤੀ ਗਈ ਇਸ ਸਾਲ ਜਾਂ ਕਾਲ ਵੰਡ ਦਾ ਭਰਪੂਰ ਲਾਹਾ ਜਰੂਰ ਲਿਆ ਜਾ ਸਕਦਾ ਹੈ ।

ਹੋਰ ਵੀ ਚੰਗਾ ਹੋਵੇਗਾ, ਜੇਕਰ ਇਸ ਮੌਕੇ ਕੋਈ ਮਤਾ ਪਾ ਲਿਆ ਜਾਵੇ, ਨਵੇ ਸਾਲ ਦੇ ਅਗਲੇ 12 ਮਹੀਨਿਆਂ ਬਾਰੇ ਕੋਈ ਨਿਸ਼ਾਨਾ ਮਿਥ ਲਿਆ ਜਾਵੇ ਤੇ ਉਸ ਨੂੰ ਪੂਰਾ ਕਰਨ ਵਾਸਤੇ ਯਤਨ ਆਰੰਭੇ ਜਾਣ। ਇਸ ਤਰ੍ਹਾਂ ਕਰਨ ਨਾਲ ਜਿੰਦਗੀ ਨੂੰ ਇਕ ਮਕਸਦ ਵੀ ਮਿਲ ਜਾਵੇਗਾ ਤੇ ਜਿੰਦਗੀ ਵਿਚੋਂ ਨੀਰਸਤਾ ਤੇ ਬੋਝਲਪਨ ਵੀ ਕਾਫੂਰ ਹੋ ਜਾਵੇਗਾ। ਕਹਿਣ ਦਾ ਭਾਵ ਇਹ ਹੈ ਕਿ ਛੋਟੀ ਜਿਹੀ ਜਿੰਦਗੀ ਵਿਚਲੇ ਸਮੇਂ ਨੂੰ ਯੋਜਨਾਬੱਧ ਤਰਤੀਬ ਦੇਣ ਨਾਲ, ਸਮੇਂ ਦੀ ਕਾਲਵੰਡ ਤੋਂ ਆਪਣਾ ਧਿਆਨ ਹਟਾ ਕੇ ਆਪਣੇ ਉਦੇਸ਼ ਵੱਲ ਲਗਾ ਕੇ, ਜਿੰਦਗੀ ਸਫਲ ਕੀਤੀ ਜਾ ਸਕਦੀ ਹੈ ਤੇ ਅਸਲ ਖੁਸ਼ੀਆਂ ਦਾ ਖਜਾਨਾ ਵੀ ਲੁੱਟਿਆ ਜਾ ਸਕਦਾ ਹੈ।

ਜਿੰਦਗੀ ਨੂੰ ਕਦੇ ਵੀ ਸਾਲਾਂ ਵਿਚ ਨਾ ਮਿਣੋ, ਜੇਕਰ ਅਜਿਹਾ ਕਰਾਂਗੇ, ਛੇਤੀਂ ਬੁੱਢੇ ਹੋ ਜਵਾਂਗੇ, ਜਿੰਦਗੀ ਨੂੰ ਤਰਤੀਬ ਦੇਣ ਅਤੇ ਨਿਸ਼ਾਨਾ ਮਿੱਥਕੇ ਚੱਲਣ ਨਾਲ ਕਾਮਯਾਬੀ ਤੇ ਆਨੰਦ ਦੋਵੇਂ ਇਕੋ ਸਮੇ ਪਰਾਪਤ ਹੋਣਗੇ। ਸੋ ਜਿੰਦਗੀ ਨੂੰ ਸਾਲਾਂ ਵਿਚ ਗਿਣਨ ਜਾਂ ਮਿਣਨ ਦੀ ਬਜਾਏ ਆਪਣੀਆਂ ਪਰਾਪਤੀਆਂ ਵਿਚ ਮਿਣੋ, ਅਜਿਹਾ ਕਰਨ ਨਾਲ ਜਿੰਦਗੀ ਖੁਸ਼ਹਾਲ ਤੇ ਭਰਪੂਰ ਹੋਣ ਦੇ ਨਾਲ ਨਾਲ ਉਮਰ ਦੇ ਸਾਲਾਂ ਦੀ ਗਿਣਤੀ ਮਿਣਤੀ ਤੋਂ ਵੀ ਪਾਰ ਹੋ ਜਾਵੇਗੀ ।

ਆਪਣੀਆਂ ਚੰਗੀਆਂ ਪਰਾਪਤੀਆਂ ਜਿਥੇ ਸਕੂਨ ਦੇਂਦੀਆਂ ਹਨ ਉਥੇ ਤੰਦਰੁਸਤੀ ਤੇ ਆਨੰਦ ਦੇ ਨਾਲ ਨਾਲ ਸਮਾਜਿਕ ਇੱਜਤ ਮਾਣ ਅਤੇ ਰੁਤਬੇ ਨੂੰ ਵੀ ਬੁਲੰਦ ਕਰਦੀਆਂ ਹਨ, ਜਿਸ ਕਾਰਨ ਉਮਰ ਦੇ ਸਾਲਾਂ ਦੀ ਗਿਣਤੀ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ ਤੇ ਨਾ ਹੀ ਸਹਿਜੇ ਕੀਤਿਆਂ ਬੁਢਾਪਾ ਨੇੜੇ ਢੁੱਕਦਾ ਹੈ। ਇਹ ਵੀ ਹਿਸਾਬ ਰੱਖੋ ਕਿ ਹੁਣ ਤੱਕ ਕਿੰਨੇ ਕੁ ਚੰਗੇ ਦੋਸਤ ਬਣਾਏ ਹਨ, ਕਿੰਨੇ ਕੁ ਲੋਕਾਂ ਦੇ ਚੇਹਰੇ ਸਾਡੇ ਕਾਰਨ ਖੁਸ਼ੀ ਨਾਲ ਖਿੜੇ ਹਨ, ਅਸੀਂ ਹੁਣ ਤੱਕ ਕਿੰਨੇ ਕੁ ਲੋੜਵੰਦ ਲੋਕਾਂ ਦੇ ਕੰਮ ਆਏ ਹਾਂ ਜਾਂ ਫਿਰ ਸਾਡੀ ਸਮਾਜ ਨੂੰ ਕੀ ਦੇਣ ਹੈ ਆਦਿ ਕਾਰਜਾਂ ਦੀ ਗਿਣਤੀ ਮਿਣਤੀ ਰੱਖੋ ਕਿਉਂਕਿ ਇਸ ਤਰਾਂ ਕਰਨ ਨਾਲ ਵੀ ਆਪਣੀ ਉਮਰ ਤੇ ਕੱਦ ਨੂੰ ਮਾਪਿਆ ਜਾ ਸਕਦਾ ਹੈ ।

ਬੁਢਾਪਾ ਕੁਦਰਤ ਦੇ ਨਿਯਮ ਮੁਤਾਬਿਕ ਜਰੂਰ ਆਵੇਗਾ ਪਰ ਜੇਕਰ ਬਿਰਤੀ ਉਕਤ ਮੁਤਾਬਿਕ ਸਾਧ ਲਈ ਗਈ ਹੋਵੇਗੀ ਤਾਂ ਇੱਕ ਤਾਂ ਬੁਢਾਪਾ ਛੇਤੀਂ ਕੀਤਿਆਂ ਨੇੜੇ ਨਹੀ ਫਟਕੇਗਾ ਦੂਜਾ ਸਫਲ ਤੇ ਆਨੰਦ ਦਾਇਕ ਹੋ ਜਾਵੇਗਾ । ਇਸ ਦੇ ਨਾਲ ਹ ੀ ਜਿੰਦਗੀ ਨਾਲ ਅੰਤਿਮ ਸਮੇਂ ਕੋਈ ਵੀ ਗਿਲਾ ਬਾਕੀ ਨਹੀਂ ਰਹੇਗਾ । ਇਸ ਦੇ ਨਾਲ ਹੀ ਜੇਕਰ ਆਪਣੀ ਜਿੰਦਗੀ ਦਾ ਇਹ ਅਸੂਲ ਬਣਾਈਏ ਕਿ ਹਰ ਸਮੇ ਚੰਗਾ ਸੋਚਾਂਗੇ, ਚੰਗਾ ਵੰਡਾਂਗੇ, ਜੇਕਰ ਕਿਸੇ ਦਾ ਭਲਾ ਨਹੀਂ ਕਰ ਸਕਦੇ ਤਾਂ ਬੁਰਾ ਵੀ ਨਹੀਂ ਚਿਤਵਾਂਗੇ, ਚੁਗਲੀ ਤੇ ਚੁਗਲਖੋਰਾਂ ਦੀ ਸੰਗਤ ਤੋਂ ਦੂਰ ਰਹਿੰਦੇ ਹੋਏ ਨਖਿੱਧਵਾਚੀ ਤੇ ਗੁਸੈਲੀ ਸੋਚ ਵਾਲੇ ਲੋਕਾਂ ਨੂੰ ਦੂਰ ਤੋਂ ਨਮਸਕਾਰ ਕਰਨ ਦੀ ਆਦਤ ਪਾਵਾਂਗੇ ਤਾਂ ਸਮਝ ਲਓ ਕਿ ਸਾਡੇ ਵਾਸਤੇ ਨਵੇਂ ਪੁਰਾਣੇ ਸਾਲਾਂ ਦਾ ਕੋਈ ਮਹੱਤਵ ਹੀ ਨਹੀ ਰਹਿ ਜਾਵੇਗਾ ।

ਦਰਅਸਲ ਨਵਾਂ ਸਾਲ ਤਦ ਹੀ ਨਵਾਂ ਹਣ ਸਕੇਗਾ ਜਾਂ ਮੰਨਿਆ ਜਾ ਸਕੇਗਾ ਜੇਕਰ ਅਸੀਂ ਆਪਣੇ ਪਿਛੋਕੜ ਦਾ ਮੁਲਾਂਕਣ ਕਰਕੇ , ਲੋੜ ਮੁਤਾਬਿਕ ਆਪਣੀ ਸੋਚ ਤੇ ਵਿਹਾਰ ਵਿਚ ਨਵਾਂਪਣ ਲਿਆਂਵਾਂਗੇ, ਨਹੀਂ ਤਾਂ ਸਾਲਾਂ ਦੀ ਗਿਣਤੀ ਦੇ ਗਣਿਤ ਵਿਚ ਫਸਕੇ ਸਾਡਾ ਜੀਵਨ ਦੁੱਖਾਂ ਤੇ ਅਸਫਲਤਾਵਾਂ ਦੇ ਮੰਝਧਾਰ ਵਿਚ ਗੋਤੇ ਖਾਂਦਿਆਂ ਹੀ ਬੀਤ ਜਾਵੇਗਾ ।

ਮੁਕਦੀ ਗੱਲ ਇਹ ਕਿ ਸਾਲ ਤਾਂ ਹਰ ਸਾਲ ਬਦਲਦਾ ਰਿਹਾ ਹੈ ਤੇ ਬਦਲਦਾ ਰਹੇਗਾ, ਗੱਲ ਤਾਂ ਬਣਦੀ ਹੈ, ਜੇਕਰ ਸਾਲ ਬਦਲਣ ਦੇ ਨਾਲ ਆਪਣੇ ਆਪ ਨੂੰ ਵੀ ਬਦਲਿਆ ਜਾਵੇ, ਆਪਣੇ ਆਪ ਦੀ ਪੁਨਰ ਸਿਰਜਣਾ ਕੀਤੀ ਜਾਵੇ, ਬਾਕੀਆਂ ਨਾਲੇ ਕੁੱਝ ਵੱਖਰਾ ਕਰਕੇ ਆਪਣੀ ਵਿਲੱਖਣ ਹੋਂਦ ਸਥਾਪਤ ਕੀਤੀ ਜਾਵੇ। ਇਸ ਤਰਾਂ ਕਰਕੇ ਜੇਕਰ ਨਵੇਂ ਸਾਲ ਦਾ ਸਵਾਗਤ ਕੀਤਾ ਜਾਵੇ ਤਾਂ ਇਹ ਨਿਸਚੇ ਹੀ ਬਹੁਤ ਸਾਰਥਿਕ ਤੇ ਆਨੰਦਦਾਇਕ ਕਾਰਜ ਹੋਵੇਗਾ। ਇਸ ਦੇ ਨਾਲ ਹੀ ਮੈਂ ਆਪਣੀ ਕਲਮ ਨੂੰ ਇਥੇ ਵਿਰਾਮ ਲਗਾਉਂਦਾ ਹੋਇਆ, ਆਪ ਸਭ ਦੋਸਤਾਂ ਨੂੰ 2025 ਦੀਆਂ ਹਾਰਦਿਕ ਸ਼ੁਭਕਾਮਨਾਵਾਂ ਪੇਸ਼ ਕਰਦਾ ਹੋਇਆ ਕਾਮਨਾ ਕਰਦਾਂ ਹਾਂ ਕਿ ਆਪ ਸਭ ਦਾ ਆਉਣ ਵਾਲਾ ਸਮਾ ਬਹੁਤ ਹੀ ਖੁਸ਼ਹਾਲ ਤੇ ਕਾਮਯਾਬੀਆਂ ਵਾਲਾ ਹੋਵੇ, ਆਪ ਨੇ ਜੋ ਵੀ ਯੋਜਨਾਵਾਂ ਉਲੀਕੀਆਂ ਹੋਈਆਂ ਹਨ , ਮਤੇ ਪਾਏ ਹੋਏ ਹਨ, ਉਹ ਨੇਪਰੇ ਚੜ੍ਹਨ, ਤੰਦਰੁਸਤੀ, ਸੁੱਖ ਸ਼ਾਂਤੀ ਬਣੀ ਰਹੇ, ਆਪਸੀ ਪਿਆਰ ਤੇ ਭਾਈਚਾਰਾ ਵਧਣ ਫੁੱਲਣ ।



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

## ਨਵਾਂ ਸਾਲ

ਭੁੱਲ ਕੇ ਬੀਤੀਆ ਗੱਲਾਂ ਨੂੰ ਇੱਕ ਨਵਾਂ ਮੁਕਾਮ ਪਾਉਣਾ ਹੈ।
ਨਵੇਂ ਸਾਲ ਵਿੱਚ ਅਸੀਂ ਇੱਕ ਨਵਾਂ ਇਤਹਾਸ ਰਚਾਉਣਾ ਹੈ।

ਨਵਾਂ ਸਾਲ ਨਵੀਂ ਉਮੰਗ ਨਵੀਂ ਆਸ ਹੈ ਜੀਵਨ ਵਿੱਚ,
ਨਵੀਂ ਸੋਚ ਨਵੀਂ ਤਰੰਗ ਨਵੀਂ ਪਿਆਸ ਹੈ ਜੀਵਨ ਵਿੱਚ,
ਕਰਕੇ ਕੁਝ ਨਵਾਂ ਹੁਣ ਨਵੀਂ ਬਹਾਰ ਨੂੰ ਲਿਆਉਣਾ ਹੈ,
ਨਵੇਂ ਸਾਲ ਵਿੱਚ ਅਸੀਂ ਇੱਕ ਨਵਾਂ ਇਤਿਹਾਸ ਰਚਾਉਣਾ ਹੈ।

ਉੱਪਰ ਅਸੀਂ ਉੱਠਣਾ ਹੈ ਹੁਣ ਉਤਸ਼ਾਹ ਨਾ ਡਿੱਗ ਜਾਵੇ,
ਗਾਓ ਗੀਤ ਨਵਾਂ ਇਸ ਤਰ੍ਹਾਂ ਦਾ ਪੂਰੀ ਦੁਨੀਆਂ ਹੀ ਜੋ ਗਾਵੇ,
ਰੁਕਣਾ ਨਹੀਂ ਹੈ ਹੁਣ ਅਸੀਂ ਅੱਗੇ ਕਦਮ ਵਧਾਉਣਾ ਹੈ,
ਨਵੇਂ ਸਾਲ ਵਿੱਚ ਅਸੀਂ ਇੱਕ ਨਵਾਂ ਇਤਹਾਸ ਰਚਾਉਣਾ ਹੈ।

ਸੁਪਨਿਆਂ ਨੂੰ ਸੱਚ ਕਰਨ ਲਈ ਨਵੀਂ ਚਾਹ ਨੂੰ ਜਗਾਉਣਾ ਹੈ,
ਕਰਨਾ ਹੈ ਖੁਦ ਨਾਲ ਵਾਅਦਾ ਅੱਗੇ ਕਦਮ ਵਧਾਉਣਾ ਹੈ,
ਬੀਤੇ ਸਮੇਂ ਜੋ ਮਿਲੀ ਨਿਰਾਸ਼ਾ ਉਸਨੂੰ ਹੁਣ ਭੁਲਾਉਣਾ ਹੈ,
ਨਵੇਂ ਸਾਲ ਵਿੱਚ ਅਸੀਂ ਇੱਕ ਨਵਾਂ ਇਤਿਹਾਸ ਰਚਾਉਣਾ ਹੈ।

ਗਿਲੇ ਸ਼ਿਕਵੇ ਸਾਰੇ ਭੁੱਲਕੇ ਸਭ ਨੂੰ ਗਲੇ ਲਗਾਉਣਾ ਹੈ,
ਹਰ ਵਿਹੜੇ ਵਿਚ ਹੁਣ ਖੁਸ਼ੀਆਂ ਦਾ ਦੀਪ ਜਗਾਉਣਾ ਹੈ,
ਜੀਵਨ ਦੇ ਹਰ ਇਕ ਪਲ ਨੂੰ ਸੁਖੀ ਅਸੀਂ ਬਣਾਉਣਾ ਹੈ,
ਨਵੇਂ ਸਾਲ ਵਿੱਚ ਅਸੀਂ ਇੱਕ ਨਵਾਂ ਇਤਿਹਾਸ ਰਚਾਉਣਾ ਹੈ।

ਰਜਨੀ (ਈ.ਟੀ.ਟੀ. ਅਧਿਆਪਕਾ)
ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਗੋਹਲਵੜ
ਜ਼ਿਲ੍ਹਾ ਤਰਨਤਾਰਨ




## ਮੋਹ ਦੇ ਦੀਵੇ ਜਗਾਈਏ

ਉਠੋ ਦੋਸਤੋ
ਆਉ ਸਾਰੇ ਮਿਲ ਕੇ
ਮੋਹ ਦੇ ਦੀਵੇ ਜਗਾਈਏ
ਈਰਖਾ ਨਫ਼ਰਤ ਸਾੜਾ
ਨੂੰ ਅਗਨੀ ਵਿੱਚ ਬਾਲ ਕੇ
ਵਿੱਚ ਤੇਲ ਮੁੱਹਬਤ ਤੇ
ਵਿਸ਼ਵਾਸ਼ ਦਾ ਇਸ ਵਿੱਚ ਪਾਈਏ
ਆਉ ਸਾਰੇ ਮਿਲ ਕੇ
ਮੋਹ ਦੇ ਦੀਵੇ ਜਗਾਈਏ
ਚੁੱਗਲੀ ਨਿੰਦਾ ਛੱਡ ਕੇ ਸਾਰੇ
ਗੀਤ ਪਿਆਰ ਦੇ ਗਾਈਏ
ਜੋ ਉੱਪਰੋਂ ਹੋਰ ਤੇ ਅੰਦਰੋਂ ਹੋਰ ਨੇ
ਉਹਨਾਂ ਤੋਂ ਬੱਚ ਕੇ ਰਹੀਏ
ਨਾ ਮੇਰਾ ਨਾ ਤੇਰਾ ਇੱਥੇ ਕੁਝ
ਸੱਭ ਨੇ ਛੱਡ ਤੁਰ ਜਾਣਾ ਇਕ ਦਿਨ
ਫਿਰ ਹੱਥ ਮਲਦੇ ਰਹਿ ਜਾਣਾ ਹੈ
ਫਿਰ ਪਛਤਾਉਣਾ ਪੈਣਾ ਹੈ
ਆਉ ਸਾਰੇ ਮਿਲ ਕੇ
ਮੋਹ ਦੇ ਦੀਵੇ ਜਗਾਈਏ
ਫਿਰ ਗੀਤ ਖ਼ੁਸ਼ੀ ਦੇ ਗਾਈਏ
ਰੋਜ਼ ਹੀ ਨਵਾਂ ਸਾਲ ਮਨਾਈਏ
ਇਕ ਦੂਜੇ ਨਾਲ ਸਾਰੇ
ਇੱਕਠੇ ਮਿਲ ਕੇ ਰਹੀਏ
ਆਉ ਸਾਰੇ ਮਿਲ ਕੇ
ਮੋਹ ਦੇ ਦੀਵੇ ਜਗਾਈਏ
ਵਿੱਚ ਤੇਲ ਮੁੱਹਬਤ ਦਾ ਪਾਈਏ
ਆਉ ਸਾਰੇ ਮਿਲ ਕੇ
ਮੋਹ ਦੇ ਦੀਵੇ ਜਗਾਈਏ
ਮੋਹ ਦੇ ਦੀਵੇ ਜਗਾਈਏ।

(ਰਮਿੰਦਰ ਰੰਮੀ)

## ਨਵੇਂ ਸਾਲ ਦੀਆਂ ਲੱਖ-ਲੱਖ ਵਧਾਈ

ਨਵੇਂ ਸਾਲ ਦੀ ਸਭਨਾਂ ਨੂੰ ਲੱਖ-ਲੱਖ ਵਧਾਈ,
ਆਉ ਯਾਰੋ ਹਾਸੇ ਵੰਡੀਏ ਖੁਸ਼ੀ ਹੋਵੇ ਸਵਾਈ ।
ਚਹਿਕ ਉਠੇ ਹਰ ਵਿਹੜਾ ਐਸਾ ਰੰਗ ਜਮਾਈਏ,
ਮੋਹ ਦੇ ਦੀਵੇ ਬਾਲ ਕੇ ਧਰਤੀ ਰੁਸ਼ਨਾਈਏ ।

ਗਿਲੇ-ਸ਼ਿਕਵੇ ਹੋਵਣ ਦੂਰ ਸਭੇ ਮੁੱਕ ਜਾਏ ਜੁਦਾਈ,
ਅਮ੍ਰਿਤ ਵਰਸੇ ਧਰਤ 'ਤੇ ਚਾਅ ਲਏ ਅੰਗੜਾਈ ।
ਸਭ ਭੁੱਲ ਕੇ ਯਾਦਾਂ ਕੌੜੀਆਂ ਅਸੀਂ ਪਿਆਰ ਵਧਾਈਏ....

ਨਾ ਸੁੰਨੀ ਹੋਵੇ ਮਾਂਗ ਕੋਈ ਨਾ ਭਰੇ ਹਟਕੋਰਾ
ਨਾ ਭੈਣ ਕੋਈ ਤਰਸੇ ਵੀਰ ਨੂੰ, ਨਾ ਹੋਵੇ ਝੋਰਾ
ਰਹੇ ਗੋਦ ਭਰੀ ਹਰ ਮਾਂ ਦੀ ਐਸੀ ਸੁੱਖ ਮਨਾਈਏ....

ਸਭ ਪਿੰਡਾਂ, ਸ਼ਹਿਰਾਂ ਕਸਬਿਆਂ 'ਚ ਹੋਏ ਖੁਸ਼ਹਾਲੀ,
ਹੱਸਣ-ਵੱਸਣ ਵਣਜੀਈਏ ਨਾਲੇ ਹਾਲ਼ੀ-ਪਾਲ਼ੀ।
ਮਿਹਰ ਪਵੇ ਕਰਤਾਰ, ਅਸੀਂ ਸ਼ੁਕਰ ਮਨਾਈਏ...।

ਹੋਵੇ ਅਮਨ-ਈਮਾਨ ਜਗ ' ਤੇ ਬੰਦ ਹੋਣ ਧਮਾਕੇ,
ਨਾ ਹੱਕ ਕਿਸੇ ਮਜ਼ਲੂਮ ਤੇ ਕੋਈ ਮਾਰੇ ਡਾਕੇ।
ਮੁੱਕੇ ਰੇੜਕਾ ਕਾਣੀ ਵੰਡ ਦਾ ਐਸਾ ਕੰਮ ਕਰ ਜਾਈਏ....।

ਵਧੇ ਹਰਿਆਲੀ ਜੀਵ-ਜੰਤ ਸਭ ਰੱਜ ਕੇ ਖਾਵੇ,
ਹੋਣ ਮੁਰਾਦਾਂ ਪੂਰੀਆਂ ਨਾ ਕੋਈ ਮਨ ਤਰਸਾਵੇ।
ਖੁਸ਼-ਆਮਦੀਦ ਨਵੇਂ ਸਾਲ ਨੂੰ 'ਜੀਤ'ਫੇਰ ਆਖ ਬੁਲਾਈਏ...।

BUY I SELL I INVEST
TEAM GILL



Amarjit Sangha
Sales Representative
905-874-9600
Shamsher Gill
Sales Representative
905-744-4400
Simrat Grewal
Sales Representative
416-414-2878
DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੋਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LePAGE
Flower City Realty Inc.
BROKERAGE, INDEPENDENTLY OWNED & OPERATED
MLS
MULTIPLE LISTING SERVICE
INCOME GENERATING
INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW
Shift Available
Morning
Afternoon
Night
Send your resume
disptach.accesspersonnel@gmail.com
Contact: 416-675-2288

# ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ-ਗੁਰੂ ਪ੍ਰਤੀ ਸਤਿਕਾਰ



ਸਿੱਖ ਕੌਮ ਇਸ ਗੱਲ ਤੋਂ ਨਿਰਾਲੀ ਹੈ ਅਤੇ ਮਾਣ ਕਰਦੀ ਆਈ ਹੈ ਕਿ ਇਸ ਵਿੱਚ ਸ਼ਬਦ ਨੂੰ ਗੁਰੂ ਦੀ ਉਪਾਧੀ ਦਿੱਤੀ ਗਈ ਹੈ। ਇਸ ਦੇ ਸੰਸਥਾਪਕ ਗੁਰੂ ਨਾਨਕ ਜੀ ਤੋਂ ਜਦੋਂ ਸਿੱਧਾਂ ਨੇ ਪੁੱਛਿਆ ਸੀ ਕਿ ਤੇਰਾ ਗੁਰੂ ਕੌਣ ਹੈ, ਤਾਂ ਉਹਨਾਂ ਨੇ 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਆਖ ਕੇ ਇੱਕ ਤਰਾਂ ਨਾਲ ਸ਼ਬਦ-ਗੁਰੂ ਨੂੰ ਗੁਰਿਆਈ ਦੇ ਦਿੱਤੀ ਸੀ। ਇਸੇ ਸ਼ਬਦ ਨੂੰ ਉਹਨਾਂ ਨੇ ਸਭ ਤੋਂ ਵੱਡੀ ਕਰਾਮਾਤ ਵੀ ਦੱਸਿਆ ਸੀ। ਇਸ ਵਿੱਚ ਕੋਈ ਦੋ ਰਾਵਾਂ ਨਹੀਂ, ਅੱਜ ਦੇ ਵਿਗਿਆਨ ਅਤੇ ਤਕਨਾਲੋਜੀ ਦੇ ਯੁੱਗ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗਿਆਨ ਸਭ ਤੋਂ ਵੱਡੀ ਸ਼ਕਤੀ ਹੈ।

ਗੁਰਬਾਣੀ ਦੇ ਹੋਰ ਹਵਾਲੇ ਅਤੇ ਬਾਕੀ ਗੁਰੂ ਸਾਹਿਬਾਨ ਦੇ ਜੀਵਨ ਅਤੇ ਬਚਨਾਂ ਵਿੱਚੋਂ ਬਾਣੀ-ਗੁਰੂ ਦੀਆਂ ਝਲਕਾਂ ਦੀ ਗੱਲ ਨਾ ਕਰਦੇ ਹੋਏ ਅੱਜ ਅਸੀਂ ਸਿਰਫ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ-ਸਤਿਕਾਰ ਤੇ ਕੇਂਦਰਿਤ ਹੋਵਾਂਗੇ। ਗੁਰੂ ਗੋਬਿੰਦ ਸਿੰਘ ਜੀ ਨੂੰ ਬਾਣੀ ਦੀ ਗੁੜ੍ਹਤੀ ਘਰੋਂ ਹੀ ਮਿਲੀ। ਗੁਰਬਾਣੀ ਦਾ ਸਤਿਕਾਰ ਉਹਨਾਂ ਦੇ ਵੱਡੇ ਵਡੇਰੇ ਕਰਦੇ ਆਏ ਹੋਣ ਕਰਕੇ ਉਹਨਾਂ ਨੂੰ ਬਚਪਨ ਵਿੱਚ ਹੀ ਜਿੱਥੇ ਹੋਰ ਦੁਨਿਆਵੀ ਵਿੱਦਿਆ ਦਿੱਤੀ ਗਈ, ਉੱਥੇ ਗੁਰਬਾਣੀ ਦਾ ਗਿਆਨ ਅਤੇ ਪ੍ਰੇਮ ਵੀ ਪ੍ਰਤੱਖ ਰੂਪ ਵਿੱਚ ਮਿਲਿਆ। ਉਹਨਾਂ ਦੇ ਜੀਵਨ ਵਿਚੋਂ ਕੁਝ ਉਹਨਾਂ ਘਟਨਾਵਾਂ ਦਾ ਜਿਕਰ ਕਰਦੇ ਹਾਂ ਜਿਹੜੀਆਂ ਉਹਨਾਂ ਦੇ ਬਾਣੀ ਦੇ ਸਤਿਕਾਰ ਨੂੰ ਪ੍ਰਗਟਾਉਂਦੀਆਂ ਹਨ।

* ਦਸੰਬਰ 1704 ਈਸਵੀ ਵਿੱਚ ਅਨੰਦਪੁਰ ਸਾਹਿਬ ਦਾ ਕਿਲ੍ਹਾ ਦੁਸ਼ਮਣ ਵੱਲੋਂ ਆਪਣੇ ਆਪਣੇ ਇਸ਼ਟ ਦੀਆਂ ਖਾਧੀਆਂ ਕਸਮਾਂ ਤੇ ਇਤਬਾਰ ਕਰਕੇ ਛੱਡਿਆ, ਤਾਂ ਦੁਸ਼ਮਣ ਨੇ ਕਸਮਾਂ ਤੋੜ ਕੇ ਪਿੱਛੋਂ ਹਮਲਾ ਕਰ ਦਿੱਤਾ। ਲੜਦੇ ਲੜਦੇ ਸਰਸਾ ਨਦੀ ਦੇ ਕੰਢੇ ਪੁੱਜ ਗਏ। ਅੰਮ੍ਰਿਤ ਵੇਲਾ ਹੋਇਆ ਜਾਣ ਕੇ, ਕੁਝ ਸਿੱਖਾਂ ਦੀ ਪਹਿਰੇ ਤੇ ਡਿਊਟੀ ਲਗਾਈ ਅਤੇ ਆਸਾ ਦੀ ਵਾਰ ਸ਼ੁਰੂ ਕਰ ਦਿੱਤੀ। ਇਸ ਅਵਸਥਾ ਨੂੰ ਜਾਨਣਾ ਅਤੇ ਡੂੰਘਾਈ ਵਿੱਚ ਸਮਝਣਾ ਬਹੁਤ ਜਰੂਰੀ ਅਤੇ ਮਹੱਤਵਪੂਰਨ ਹੈ, ਗੁਰੂ ਸਾਹਿਬ ਇਸ ਸੰਕਟ ਦੇ ਸਮੇਂ ਵੀ ਆਪਣਾ ਨਿੱਤਨੇਮ ਛੱਡਣ ਲਈ ਤਿਆਰ ਨਹੀਂ, ਤੇ ਅਸੀਂ ਅੱਜ ਸਭ ਕੁਝ ਹੁੰਦੇ ਹੋਏ, ਸੁੱਖ ਸਹੂਲਤਾਂ ਮਾਣਦੇ ਹੋਏ ਵੀ ਨਿੱਤਨੇਮ ਨੂੰ ਵਿਸਾਰ ਬੈਠੇ ਹਾਂ।

* ਇੱਕ ਹੋਰ ਘਟਨਾ ਗੁਰੂ ਸਾਹਿਬ ਦੇ ਜੀਵਨ ਵਿੱਚ ਇੰਝ ਹੈ ਕਿ ਜਦੋਂ ਉਹਨਾਂ ਨੇ ਇੱਕ ਸਿੱਖ ਨੂੰ ਪਾਠ ਕਰਦੇ ਗਲਤ ਉਚਾਰਣ ਕਰਦੇ ਸੁਣਿਆ, ਤਾਂ ਉਹਨਾਂ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਸੀ। ਸਿੱਖ ਨੇ ਰਾਮਕਲੀ ਦੀ ਵਾਰ ਵਿਚਲੀ ਪੰਕਤੀ "ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰ ਸੂਰਾ" ਨੂੰ ਗਲਤ ਪੜ੍ਹਿਆ ਸੀ। ਉਸਨੇ "ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰ ਸੂਰਾ" ਪੜ੍ਹ ਦਿੱਤਾ ਸੀ। ਗੁਰੂ ਜੀ ਨੇ ਅਰਥ ਸਮਝਾਉਂਦੇ ਹੋਏ ਦੱਸਿਆ ਸੀ ਕਿ ਦੁਲਾਵਾਂ ਲਗਾ ਕੇ "ਕੈ" ਉਚਾਰਣ ਕਰਨ ਨਾਲ ਇਸ ਦੇ ਅਰਥ ਹੋਣਗੇ, ਕਿ ਕਰਤੇ ਦੀ ਮਿਤਿ ਜਾਂ ਕਰਤਾ ਜਾਣਦਾ ਹੈ ਤੇ ਜਾਂ ਗੁਰੂ। ਜਦਕਿ ਜੇ ਲਾਵਾਂ ਲਗਾ ਕੇ "ਕੇ" ਪੜ੍ਹਿਆ ਜਾਵੇ ਤਾਂ ਅਰਥ ਬਣਨਗੇ ਕਿ ਗੁਰੂ ਨੂੰ ਕਰਤੇ ਕੀ ਮਿਤਿ ਦਾ ਕੁਝ ਨਹੀਂ ਪਤਾ। ਇਸ ਲਈ ਗਲਤ ਉਚਾਰਣ ਕਰਨ ਨਾਲ ਅਰਥਾਂ ਦੇ ਅਨਰਥ ਹੋ ਰਹੇ ਹਨ। ਗੁਰੂ ਸਾਹਿਬ ਦੀ ਇੱਛਾ ਸੀ ਕਿ ਉਹਨਾਂ ਦੇ ਸਿੱਖ ਗੁਰਬਾਣੀ ਦੇ ਠੀਕ ਅਰਥ ਜਾਣਦੇ ਹੋਣ, ਅਤੇ ਸ਼ੁੱਧ ਉਚਾਰਣ ਕਰਨ ਤਦ ਹੀ ਉਹ ਗੁਰਬਾਣੀ ਅਨੁਸਾਰ ਜੀਵਨ ਜੀਉ ਸਕਦੇ ਹਨ।

* ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ-ਗੁਰੂ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਦਿ ਗ੍ਰੰਥ ਵਿੱਚ ਉਸੇ ਤਰਤੀਬ ਵਿੱਚ ਚੜ੍ਹਾਇਆ ਜਿਸ ਤਰਤੀਬ ਵਿੱਚ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕੀਤਾ ਸੀ।

* ਭਾਈ ਮਨੀ ਸਿੰਘ ਜੀ ਅਤੇ ਹੋਰ ਸਿੱਖਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਵਾਉਣੇ ਉਹਨਾਂ ਦੇ ਸ਼ਬਦ ਬਾਣੀ ਪ੍ਰਤੀ ਸਤਿਕਾਰ ਨੂੰ ਹੀ ਪਰਗਟ ਕਰਦੇ ਹਨ।

**ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ:-** ਸਮੇਂ ਦੇ ਹਾਲਾਤ ਦੇਖ ਕੇ ਅਤੇ ਆਉਣ ਵਾਲੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਨੇ ਆਪਣੇ ਅੰਤਿਮ ਸਮੇ ਨੰਦੇੜ ਵਿਖੇ ਸਮੂਹ ਸੰਗਤ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰ ਨਿਵਾਇਆ ਅਤੇ ਫੁਰਮਾਇਆ ਕਿ ਅੱਗੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹੋਣਗੇ। ਸਿੱਖਾਂ ਦੇ ਇਹ ਪੁੱਛਣ ਤੇ ਕਿ ਤੁਹਾਡੇ ਤੋਂ ਬਾਅਦ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ?? ਤਾਂ ਗੁਰੂ ਸਾਹਿਬ ਜੀ ਨੇ ਆਖਿਆ ਸੀ ਕਿ ਜਿਸ ਨੇ ਮੇਰੇ ਨਾਲ ਗੱਲ ਕਰਨੀ ਹੋਵੇ, ਉਹ ਗੁਰੂ ਗ੍ਰੰਥ ਸਾਹਿਬ ਦਾ ਪ੍ਰੇਮ ਨਾਲ ਪਾਠ ਕਰੇ। ਗੁਰੂ ਜੀ ਨੇ ਆਖਿਆ ਸੀਕਿ ਮੇਰਾ ਸਰੀਰ ਪੰਥ ਵਿੱਚ, ਆਤਮਾ ਗ੍ਰੰਥ ਵਿੱਚ ਹੋਏਗੀ। (ਅੱਜ ਜਦੋਂ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਪੱਖੇ, ਏ.ਸੀ. ਅਤੇ ਰਜਾਈ ਦਿੰਦੇ ਦੇਖਦੇ ਹਾਂਤਾਂ ਹੈਰਾਨੀ ਹੁੰਦੀ ਹੈ ਕਿ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਬਚਨ ਕਿਉਂ ਭੁੱਲ ਗਏ ਹਨ ? ਆਤਮਾ ਨੂੰ ਤਾਂ ਗਰਮੀ ਸਰਦੀ ਨਹੀਂ ਲੱਗਦੀ,...)

**ਗੁਰੂ ਗ੍ਰੰਥ ਸਾਹਿਬ ਜੀ ਬਾਰੇ ਦੋ ਭੁਲੇਖੇ :-** ਗੁਰੂ ਗੋਬਿੰਦ ਸਿੰਘ ਜੀ ਬਾਰੇ ਦੋ ਭੁਲੇਖੇ ਸੰਗਤ ਵਿਚ ਬਣੇ ਹੋਏ ਹਨ ਜਿਹਨਾਂ ਬਾਰੇ ਗੱਲ ਕਰਨੀ ਜ਼ਰੂਰੀ ਹੈ॥

ਪਹਿਲਾ ਭੁਲੇਖਾ ਇਹ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਜੀ ਤੋਂ ਇੱਕ ਪ੍ਰਸ਼ਨ ਪੁੱਛਿਆ ਜਿਹੜਾ ਸਲੋਕ ਮਹਲਾ 9 ਵਿਚ ਦਰਜ ਹੈ-

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟਿ ਹਰਿ ਗਜ ਜਿਉ ਹੋਹੁ ਸਹਾਇ॥....(ਸਲੋਕ ਮਹਲਾ 9, ਪੰਨਾ 1429)

ਕਿਹਾ ਜਾਂਦਾ ਏ ਕਿ ਇਸ ਤੋਂ ਅਗਲਾ ਸਲੋਕ, ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤਾ ਗਿਆ ਜਵਾਬ ਹੈ। ਕੁਝ ਵਿਦਵਾਨ ਤਾਂ ਇਸ ਜਵਾਬ ਨੂੰ ਗੁਰਗੱਦੀ ਦੇਣ ਦਾ ਮਾਪਦੰਡ ਤੱਕ ਕਹਿਣ ਤੋਂ ਸੰਕੋਚ ਨਹੀਂ ਕਰਦੇ।

ਦੂਸਰਾ ਸਲੋਕ ਇੰਝ ਹੈ -

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥
ਨਾਨਕ ਸਭੁ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਇ ॥.......(ਸਲੋਕ ਮਹਲਾ 9, ਪੰਨਾ 1429)

ਸਾਡਾ ਵਿਚਾਰ ਹੈ ਕਿ ਇਹ ਦੋਵੇਂ ਸਲੋਕ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਹੀ ਲਿਖੇ ਹੋਏ ਹਨ। ਆਪ ਹੀ ਸਵਾਲ ਕਰਕੇ ਉਸਦਾ ਜਵਾਬ ਲਿਖਣ ਦਾ ਤਰੀਕਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਵੀ ਬਹੁਤ ਥਾਵਾਂ ਤੇ ਹੋਰ ਗੁਰੂ ਸਾਹਿਬਾਨ ਅਤੇ ਹੋਰ ਬਾਣੀਕਾਰਾਂ ਵਲੋਂ ਵੀ ਵਰਤਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ ਹੋਣ ਦੇ ਦੋ ਹੋਰ ਵੱਡੇ ਕਾਰਨ ਹਨ। ਪਹਿਲਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ (ਜੇ ਉਹ ਸੱਚਮੁੱਚ ਹੀ ਉਹਨਾਂ ਦੀ ਹੈ) ਦਾ ਅੰਦਾਜ਼ ਅਤੇ ਸ਼ੈਲੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਵੱਖਰੀ ਹੈ।

ਦੂਸਰਾ ਹੋਰ ਵੀ ਮਹੱਤਵਪੂਰਨ ਪੱਖ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੀ ਹੀ ਲਿਖਤ ਨੂੰ ਗੁਰੂ ਆਖ ਕੇ ਸੀਸ ਨਹੀਂ ਸੀ ਨਿਵਾ ਸਕਦੇ।

ਸੋ ਇਹ ਸਪੱਸ਼ਟ ਹੈ ਕਿ ਇਹ ਦੋਵੇਂ ਸਲੋਕ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਹੀ ਲਿਖੇ ਹੋਏ ਹਨ, ਨਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ।

ਇੱਕ ਭੁਲੇਖਾ ਇਹ ਪ੍ਰਚੱਲਿਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦੇ ਸ਼ਬਦ ਵਿੱਚ ਆਇਆ ਸ਼ਬਦ ਖਲਾਸੇ ਨੂੰ ਬਦਲ ਕੇ ਖਾਲਸੇ ਕੀਤਾ ਹੈ । ਇਹ ਸ਼ਬਦ ਇਸ ਤਰਾਂ ਹੈ --

ਪਰਿਓ ਕਾਲੁ ਸਭੈ ਜਗ ਊਪਰ, ਮਾਹਿ ਲਿਖੇ ਭ੍ਰਮ ਗਿਆਨੀ॥
ਕਹੁ ਕਬੀਰ ਜਨ ਭਏ ਖਾਲਸੇ, ਪ੍ਰੇਮ ਭਗਤਿ ਜਿਹ ਜਾਨੀ॥......---(ਪੰਨਾ 654, ਸੋਰਠਿ ਕਬੀਰ ਜੀ)

ਕਿਹਾ ਜਾਂਦਾ ਏ ਕਿ ਆਖਰੀ ਪੰਕਤੀ ਵਿਚ ਕਹੁ ਕਬੀਰ ਜਨ ਭਏ ਖਲਾਸੇ ਸ਼ਬਦ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਕਰ ਦਿੱਤਾ ਸੀ। ਪਰ ਸਾਡੇ ਵਿਚਾਰ ਅਨੁਸਾਰ ਇਹ ਸੱਚ ਨਹੀਂ ਹੈ।

ਪਹਿਲੀ ਗੱਲ ਕਿਸੇ ਵੀ ਗੁਰੂ ਸਾਹਿਬ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬ ਜਾਂ ਭਗਤਾਂ ਦੀ ਬਾਣੀ ਦਾ ਇੱਕ ਵੀ ਸ਼ਬਦ ਨਹੀਂ ਬਦਲਿਆ। ਹੋਰ ਤਾਂ ਹੋਰ, ਸੰਪਾਦਕੀ ਹੱਕ ਰੱਖਣ ਵਾਲੇ ਗੁਰੂ ਅਰਜਨ ਦੇਵ ਜੀ ਨੇ ਵੀ ਜਿੱਥੇ ਕਿਤੇ ਲੋੜ ਪਈ ਹੈ, ਵੱਖਰਾ ਸ਼ਬਦ ਜਾਂ ਸਲੋਕ ਤਾਂ ਲਿਖ ਦਿੱਤਾ ਹੈ, ਪਰ ਮੂਲ ਸ਼ਬਦ ਨੂੰ ਨਹੀਂ ਬਦਲਿਆ। ਇਤਿਹਾਸ ਗਵਾਹ ਹੈ ਕਿ ਗੁਰੂ ਹਰਿ ਰਾਇ ਜੀ ਨੇ ਰਾਮ ਰਾਇ ਜੀ ਵਲੋਂ ਗੁਰਬਾਣੀ ਦਾ ਇੱਕ ਸ਼ਬਦ ਵੀ ਬਦਲਿਆ ਜਾਣਾ ਪ੍ਰਵਾਨ ਨਹੀਂ ਸੀ ਕੀਤਾ।

ਦੂਸਰੀ ਗੱਲ ਭਾਈ ਕਾਹਨ ਸਿੰਘ ਨਾਭਾ ਜੀ ਨੇ ਉਚੇਚਾ ਫੁੱਟਨੋਟ ਦੇ ਕੇ ਸਪੱਸ਼ਟ ਕੀਤਾ ਹੈ। ਭਾਈ ਸਾਹਿਬ ਜੀ ਦੇ ਸ਼ਬਦ ਇਸ ਤਰਾਂ ਹਨ--

"ਕਈ ਅਞਾਣ ਲੇਖਕਾਂ ਨੇ ਲਿਖਿਆ ਹੈ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ "ਖਲਾਸੇ" ਦੀ ਥਾਂ "ਖਾਲਸੇ" ਸ਼ਬਦ ਵਰਤਿਆ ਹੈ, ਪਰ ਇਹ ਉਨ੍ਹਾਂ ਦੀ ਭੁੱਲ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਕਰਤਾਰਪੁਰ ਵਾਲੀ ਬੀੜ ਵਿੱਚ ਪੁਰਾਣੀ ਕਲਮ ਦਾ ਲਿਖਿਆ ਪਾਠ ਖਾਲਸੇ ਹੈ। "

ਸੋ ਇਹ ਭੁਲੇਖੇ ਮਨ ਵਿਚੋਂ ਕੱਢ ਦੇਣੇ ਚਾਹੀਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਮੂਲ ਰੂਪ ਨੂੰ ਹੀ ਗੁਰੂ ਆਖਿਆ ਹੈ। ਉਹਨਾਂ ਨੇ ਤਾਂ ਸਿਰਫ਼ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਸ਼ਾਮਿਲ ਕੀਤਾ ਹੈ ਅਤੇ ਉਹ ਵੀ ਪਹਿਲਾਂ ਹੀ ਚਲਦੀ ਤਰਤੀਬ ਅਨੁਸਾਰ ਹੀ।

* ਭਾਵੇਂ ਇਸ ਮੱਤ ਤੇ ਸਿੱਖ ਕੌਮ ਵਿੱਚ ਵਿਵਾਦ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਾਣੀ ਰਚੀ ਕਿ ਨਹੀਂ ? ਦਸਮ ਗ੍ਰੰਥ ਵਿੱਚ ਉਹਨਾਂ ਦੀ ਉਹਨਾਂ ਬਾਣੀ ਕਿੰਨੀ ਕੁ ਹੈ, ਵਿਦਵਾਨਾਂ ਅੰਦਰ ਇਸ ਬਾਰੇ ਵੱਖ ਵੱਖ ਵਿਚਾਰ ਹਨ। ਅਸੀਂ ਉਸ ਸਾਰੇ ਵਿਵਾਦ ਨੂੰ ਪਰ੍ਹੇ ਰੱਖਦੇ ਹੋਏ ਇਹ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਵੀ ਸ਼ਬਦ ਨਹੀਂ। ਸ਼ਾਇਦ ਇੱਕ ਵੱਡਾ ਕਾਰਨ ਇਹੋ ਹੋਵੇ, ਕਿ ਉਹ ਆਪਣੀ ਲਿਖਤ ਨੂੰ ਹੀ ਗੁਰੂ ਆਖ ਕੇ ਮੱਥਾ ਨਹੀਂ ਸੀ ਟੇਕ ਸਕਦੇ। ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਨ ਦੀ ਇਜਾਜ਼ਤ ਅਕਾਲ ਤਖਤ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਨਹੀਂ ਹੈ।

**ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮਨਾਮੇ :-** ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਤੋਂ ਕੀਤੇ ਗਏ 52 ਹੁਕਮਨਾਮੇ ਸਿੱਖ ਪੰਥ ਵਿੱਚ ਬਹੁਤ ਸਤਿਕਾਰ ਦਾ ਸਥਾਨ ਰੱਖਦੇ ਹਨ। ਇਹਨਾਂ ਵਿਚੋਂ 10 ਹੁਕਮਨਾਮੇ ਅਜਿਹੇ ਹਨ, ਜਿਹੜੇ ਗੁਰਬਾਣੀ ਦੇ ਸਤਿਕਾਰ ਨੂੰ ਦ੍ਰਿੜ ਕਰਵਾਉਂਦੇ ਹਨ। ਦੇਖੋ ਜਰਾ --

* **ਤੀਸਰਾ ਹੁਕਮਨਾਮਾ** - ਗੁਰਬਾਣੀ ਕੰਠ ਕਰਨੀ ।
* **ਛੇਵਾਂ ਹੁਕਮਨਾਮਾ** -ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ ।
* **ਅੱਠਵਾਂ ਹੁਕਮਨਾਮਾ** -ਸ਼ਬਦ ਦਾ ਅਭਿਆਸ ਕਰਨਾ ।
* **ਨੌਵਾਂ ਹੁਕਮਨਾਮਾ** - ਧਿਆਨ ਸਤਿ ਸਰੂਪ ਸਤਿਗੁਰੂ ਜੀ ਦਾ ਧਰਨਾ ।
* **ਦਸਵਾਂ ਹੁਕਮਨਾਮਾ** - ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ।
* **ਵੀਹਵਾਂ ਹੁਕਮਨਾਮਾ**-ਗੁਰਬਾਣੀ ਦੀ ਕਥਾ ਅਤੇ ਕੀਰਤਨ ਰੋਜ ਸੁਣਨਾ ਅਤੇ ਕਰਨਾ।
* **ਇੱਕਤੀਵਾ ਹੁਕਮਨਾਮਾ**-ਦੂਸਰੇ ਧਰਮਾਂ ਦੀਆਂ ਪੁਸਤਕਾਂ, ਵਿੱਦਿਆ ਪੜ੍ਹਨੀ ਪਰ ਭਰੋਸਾ ਦ੍ਰਿੜ੍ਹ ਗੁਰਬਾਣੀ ਅਤੇ ਅਕਾਲ-ਪੁਰਖ ਉੱਤੇ ਹੀ ਰੱਖਣਾ ।
* **ਤੇਤੀਵਾ ਹੁਕਮਨਾਮਾ** - ਰਹਿਰਾਸ ਦਾ ਪਾਠ ਕਰਕੇ ਖੜ੍ਹੇ ਹੋ ਕੇ ਅਰਦਾਸ ਕਰਨੀ ।
* **ਚੌਤੀਵਾਂ ਹੁਕਮਨਾਮਾ** -ਸੌਣ ਸਮੇ ਸੋਹਿਲੇ ਦਾ ਪਾਠ ਕਰਨਾ ।
* **ਉਨਤਾਲੀਵਾਂ ਹੁਕਮਨਾਮਾ** - ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅਤੇ ਗੁਰਬਾਣੀ ਅਨੁਸਾਰ ਕਰਨੇ ।



ਜਸਵਿੰਦਰ ਸਿੰਘ ਰੁਪਾਲ
9814715796

**ਅੰਤਿਕਾ:-** ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਦੇਖਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿੱਚ ਸ਼ਬਦ-ਬਾਣੀ ਨੂੰ ਸਦਾ ਸਤਿਕਾਰ ਦਿੱਤਾ। ਉਦੋਂ ਦੁੱਖ ਲੱਗਦਾਹੈ ਜਦੋਂ ਅੱਜ ਸਿੱਖਾਂ ਨੂੰ, ਹੋਰ ਤਾਂ ਹੋਰ ਖਾਲਸਿਆਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਵੱਖ ਵੱਖ ਰੰਗ ਬਿਰੰਗੇ ਡੇਰਿਆਂ ਅਤੇ ਬਾਬਿਆਂ ਕੋਲ ਜਾਂਦੇ ਦੇਖਦੇ ਹਾਂ। ਗੁਰ-ਫੁਰਮਾਨ ਹੈ-

ਜਾ ਕੋ ਠਾਕੁਰੁ ਊਚਾ ਹੋਈ।
ਸੋ ਜਨੁ ਪਰ ਘਰ ਜਾਤ ਨ ਸੋਹੀ। ... (ਗਉੜੀ ਭੀ ਸੋਰਠਿ ਭੀ ਪੰਨਾ 330)

ਸਪੱਸ਼ਟ ਹੈ ਕਿ ਅੱਜ ਸਿੱਖਾਂ ਨੂੰ ਆਪਣੇ ਗੁਰੂ ਤੇ ਭਰੋਸਾ ਵਿਸ਼ਵਾਸ਼ ਨਹੀ ਰਿਹਾ ਇਸੇ ਲਈ ਉਹ ਹੋਰ ਦੁਆਰਿਆਂ ਤੇ ਭਟਕਦੇ ਫਿਰਦੇ ਹਨ। ਪਾਤਸਾਹ ਬਖਸ਼ਿਸ ਕਰਨ ਸਾਨੂੰ ਗੁਰੂ ਸਾਹਿਬਾਨ ਨੇ ਜਿਸ ਸ਼ਬਦ ਦੇ ਲੜ ਲਾਇਆ ਹੈ, ਉਸ ਦਾ ਸਤਿਕਾਰ ਕਰਨਾ ਆ ਜਾਵੇ। ਸਬਦ ਦੀ ਸਮਝ ਆ ਸਕੇ, ਸ਼ਬਦ ਨੂੰ ਕਮਾਉਣਾ ਸਿੱਖ ਸਕੀਏ। ਸ਼ਬਦ ਅਨੁਸਾਰ ਆਪਣਾ ਜੀਵਨ ਢਾਲ ਸਕੀਏ।










